ਬੁੱਧਵਾਰ, 20 ਮਾਰਚ, 2024
7 ਚੇਤ { ਨਾਨਕਸ਼ਾਹੀ 556 / ਬਿਕਰਮੀ 2080
ਜਿਲਦ/VOL. : 72
ਅੰਕ/NO. : 290

ਨਵਾਂ ਜ਼ਮਾਨਾ

DAILY NAWAN ZAMANA • WEDNESDAY, 20 MARCH, 2024
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : L-4/Pb-JL-0023/2024-26, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 12

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਤਰਨਜੀਤ ਸੰਧੂ ਭਾਜਪਾ 'ਚ

ਨਵੀਂ ਦਿੱਲੀ : ਅਮਰੀਕਾ 'ਚ ਰਾਜਦੂਤ ਰਹੇ ਤਰਨਜੀਤ ਸਿੰਘ ਸੰਧੂ ਮੰਗਲਵਾਰ ਭਾਜਪਾ 'ਚ ਸ਼ਾਮਲ ਹੋ ਗਏ। ਪਾਰਟੀ ਉਨ੍ਹਾ ਨੂੰ ਅੰਮ੍ਰਿਤਸਰ ਤੋਂ ਲੋਕ ਸਭਾ ਚੋਣਾਂ ਲਈ ਉਮੀਦਵਾਰ ਬਣਾ ਸਕਦੀ ਹੈ। ਭਾਜਪਾ 'ਚ ਸ਼ਾਮਲ ਹੋ ਕੇ ਸੰਧੂ ਨੇ ਭਾਰਤ-ਅਮਰੀਕਾ ਸੰਬੰਧਾਂ 'ਚ ਹੋਏ ਵਿਕਾਸ ਬਾਰੇ ਗੱਲ ਕੀਤੀ। ਉਨ੍ਹਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਪਾਰਟੀ ਪ੍ਰਧਾਨ ਜੇ ਪੀ ਨੱਢਾ ਦਾ ਧੰਨਵਾਦ ਕੀਤਾ।

ਨਿਤੀਸ਼ ਦੀ ਪਾਰਟੀ ਦੇ ਕੌਮੀ ਜਨਰਲ ਸਕੱਤਰ ਦਾ ਅਸਤੀਫਾ

ਪਟਨਾ : ਬਿਹਾਰ ਵਿਚ ਸੀਟਾਂ ਦੀ ਵੰਡ ਤੋਂ ਬਾਅਦ ਮੁੱਖ ਮੰਤਰੀ ਨਿਤੀਸ਼ ਕੁਮਾਰ ਦੇ ਜਨਤਾ ਦਲ (ਯੂ) ਦੇ ਕੌਮੀ ਜਨਰਲ ਸਕੱਤਰ ਅਲੀ ਅਸ਼ਰਫ ਫਾਤਮੀ ਨੇ ਪਾਰਟੀ ਛੱਡ ਦਿੱਤੀ ਹੈ। ਉਨ੍ਹਾ ਦੇ ਰਾਜਦ ਵਿਚ ਸ਼ਾਮਲ ਹੋ ਕੇ ਦਰਭੰਗਾ ਤੋਂ ਚੋਣ ਲੜਨ ਦੀ ਸੰਭਾਵਨਾ ਹੈ।

ਸ਼ਿੱਬੂ ਦੀ ਨੂੰਹ ਰੁੱਸੀ

ਰਾਂਚੀ : ਝਾਰਖੰਡ ਮੁਕਤੀ ਮੋਰਚਾ ਦੀ ਜਾਮਾ ਤੋਂ ਵਿਧਾਇਕ ਸੀਤਾ ਸੋਰੇਨ ਮੰਗਲਵਾਰ ਪਾਰਟੀ ਤੋਂ ਅਸਤੀਫਾ ਦੇ ਕੇ ਭਾਜਪਾ 'ਚ ਸ਼ਾਮਲ ਹੋ ਗਈ। ਸਾਬਕਾ ਮੁੱਖ ਮੰਤਰੀ ਹੇਮੰਤ ਸੋਰੇਨ ਦੀ ਭਾਬੀ ਨੇ ਪਾਰਟੀ ਦੇ ਸੁਪਰੀਮੋ ਤੇ ਆਪਣੇ ਸਹੁਰੇ ਸ਼ਿੱਬੂ ਸੋਰੇਨ ਨੂੰ ਭੇਜੇ ਅਸਤੀਫੇ 'ਚ ਕਿਹਾ ਕਿ ਉਸ ਦੇ ਪਤੀ ਦੁਰਗਾ ਸੋਰੇਨ ਦੇ ਦੇਹਾਂਤ ਤੋਂ ਬਾਅਦ ਪਾਰਟੀ ਉਸ ਨੂੰ ਤੇ ਉਸ ਦੇ ਪਰਵਾਰ ਨੂੰ ਅੱਖੋਂ-ਪਰੋਖੇ ਕਰਦੀ ਆ ਰਹੀ ਹੈ।

ਸ਼ੇਅਰਾਂ 'ਚ ਗਿਰਾਵਟ

ਮੁੰਬਈ : ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀ ਸੀ ਐੱਸ), ਇਨਫੋਸਿਸ ਅਤੇ ਰਿਲਾਇੰਸ ਇੰਡਸਟਰੀਜ਼ ਵਰਗੀਆਂ ਵੱਡੀਆਂ ਕੰਪਨੀਆਂ ਦੇ ਸ਼ੇਅਰਾਂ ਦੀ ਭਾਰੀ ਵਿਕਰੀ, ਹੋਰ ਏਸ਼ੀਆਈ ਬਾਜ਼ਾਰਾਂ 'ਚ ਗਿਰਾਵਟ ਅਤੇ ਵਿਦੇਸ਼ੀ ਫੰਡਾਂ ਦੀ ਨਿਕਾਸੀ ਕਾਰਨ ਮੰਗਲਵਾਰ ਸਟਾਕ ਸੂਚਕ ਅੰਕ ਸੈਂਸੈਕਸ ਅਤੇ ਨਿਫਟੀ ਇੱਕ-ਇੱਕ ਫੀਸਦੀ ਡਿੱਗ ਗਏ। ਬੀ ਐੱਸ ਈ ਦਾ 30 ਸ਼ੇਅਰਾਂ ਵਾਲਾ ਸੂਚਕ ਅੰਕ ਸੈਂਸੈਕਸ 736.37 ਅੰਕ ਜਾਂ 1.01 ਫੀਸਦੀ ਡਿੱਗ ਕੇ 72,012.05 ਅੰਕ 'ਤੇ ਬੰਦ ਹੋਇਆ। ਨੈਸ਼ਨਲ ਸਟਾਕ ਐਕਸਚੇਂਜ ਦਾ ਨਿਫਟੀ 238.25 ਅੰਕ ਜਾਂ 1.08 ਫੀਸਦੀ ਡਿੱਗ ਕੇ 21,817.45 ਅੰਕ 'ਤੇ ਬੰਦ ਹੋਇਆ।

ਪਤਨੀ ਦੀ ਹੱਤਿਆ ਪਿੱਛੋਂ ਖੁਦਕੁਸ਼ੀ

ਸੀਤਾਪੁਰ (ਯੂ ਪੀ) : ਦੁਪਹਿਰ ਦੇ ਖਾਣੇ 'ਚ ਦੇਰ ਹੋਣ ਕਾਰਨ ਬਹਿਸ ਤੋਂ ਬਾਅਦ ਸੀਤਾਪੁਰ ਜ਼ਿਲ੍ਹੇ ਦੇ ਪਿੰਡ ਕੋਤਵਾਲਨਪੁਰਵਾ ਦੇ 30 ਸਾਲਾ ਪਰਸ ਰਾਮ ਨੇ 28 ਸਾਲਾ ਪਤਨੀ ਪ੍ਰੇਮਾ ਦੇਵੀ ਦੀ ਤੇਜ਼ਧਾਰ ਹਥਿਆਰ ਨਾਲ ਹੱਤਿਆ ਕਰ ਦਿੱਤੀ ਤੇ ਖੁਦ ਫਾਹਾ ਲੈ ਲਿਆ। ਪਰਸ ਰਾਮ ਨੇ ਸੋਮਵਾਰ ਦੁਪਹਿਰ ਖੇਤ 'ਚੋਂ ਘਰ ਪਰਤ ਕੇ ਪਤਨੀ ਤੋਂ ਖਾਣਾ ਮੰਗਿਆ। ਖਾਣਾ ਤਿਆਰ ਨਹੀਂ ਸੀ ਅਤੇ ਉਸ ਨੂੰ ਗੁੱਸਾ ਆ ਗਿਆ। ਲੋਕਾਂ ਨੇ ਦੱਸਿਆ ਕਿ ਤਕਰਾਰ ਦੌਰਾਨ ਉਸ ਨੇ ਪਹਿਲਾਂ ਪਤਨੀ ਦੀ ਹੱਤਿਆ ਕੀਤੀ ਅਤੇ ਫਿਰ ਜੇਲ੍ਹ ਜਾਣ ਦੇ ਡਰੋਂ ਘਰ ਦੇ ਅੰਦਰ ਹੀ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ।

ਕੋਟਾ 'ਚ ਕੋਚਿੰਗ ਲੈਂਦੀ ਕੁੜੀ ਗਾਇਬ

ਕੋਟਾ (ਰਾਜਸਥਾਨ) : ਮੱਧ ਪ੍ਰਦੇਸ਼ ਦੇ ਸ਼ਿਵਪੁਰੀ ਦੀ ਰਹਿਣ ਵਾਲੀ 21 ਸਾਲਾ ਕੁੜੀ ਨੂੰ ਕੋਟਾ ਤੋਂ ਕਥਿਤ ਤੌਰ 'ਤੇ ਅਗਵਾ ਕਰ ਲਿਆ ਗਿਆ। ਪਿਤਾ ਨੇ ਦਾਅਵਾ ਕੀਤਾ ਹੈ ਕਿ ਅਗਵਾਕਾਰਾਂ ਨੇ ਉਸ ਤੋਂ 30 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਹੈ। ਕੁੜੀ ਪਿਛਲੇ ਸਾਲ ਅਗਸਤ 'ਚ ਇਮਤਿਹਾਨ ਦੀ ਕੋਚਿੰਗ ਲਈ ਕੋਟਾ ਆਈ ਸੀ ਤੇ ਵਿਗਿਆਨ ਨਗਰ ਥਾਣਾ ਖੇਤਰ ਦੇ ਹੋਸਟਲ 'ਚ ਰਹਿ ਰਹੀ ਸੀ। ਪਿਤਾ ਨੂੰ ਧੀ ਦੀਆਂ ਕੁਝ ਤਸਵੀਰਾਂ ਵੀ ਮਿਲੀਆਂ ਹਨ, ਜਿਸ ਵਿਚ ਉਸ ਦੇ ਹੱਥ-ਪੈਰ ਬੰਨ੍ਹੇ ਹੋਏ ਦਿਖਾਈ ਦਿੱਤੇ। ਦੂਜੇ ਪਾਸੇ ਪੁਲਸ ਨੇ ਅਗਵਾ ਦੀ ਪੁਸ਼ਟੀ ਨਹੀਂ ਕੀਤੀ ਤੇ ਕਿਹਾ ਕਿ ਜਾਂਚ ਕੀਤੀ ਜਾ ਰਹੀ ਹੈ।

ਵਿਆਹੁਤਾ ਦੀ ਮੌਤ ਤੋਂ ਬਾਅਦ ਸੱਸ-ਸਹੁਰਾ ਸਾੜ ਦਿੱਤੇ

ਪ੍ਰਯਾਗਰਾਜ (ਯੂ ਪੀ) : ਪ੍ਰਯਾਗਰਾਜ ਦੇ ਮੂੰਠੀਗੰਜ ਥਾਣਾ ਖੇਤਰ 'ਚ ਸੋਮਵਾਰ ਦੇਰ ਰਾਤ ਅੰਸ਼ਿਕਾ ਕੇਸਰਵਾਨੀ (27) ਵੱਲੋਂ ਕਥਿਤ ਤੌਰ 'ਤੇ ਫਾਹਾ ਲੈ ਲੈਣ ਤੋਂ ਬਾਅਦ ਗੁੱਸੇ ਵਿੱਚ ਆਏ ਮਾਪਿਆਂ ਨੇ ਉਸ ਦੇ ਸਹੁਰੇ ਘਰ ਨੂੰ ਅੱਗ ਲਾ ਦਿੱਤੀ, ਜਿਸ ਕਾਰਨ ਸਹੁਰੇ ਤੇ ਸੱਸ ਦੀ ਸੜ ਕੇ ਮੌਤ ਹੋ ਗਈ। ਮਾਪਿਆਂ ਦਾ ਦੋਸ਼ ਹੈ ਕਿ ਅੰਸ਼ਿਕਾ ਦਾ ਕਤਲ ਕਰਕੇ ਉਸ ਦੀ ਲਾਸ਼ ਨੂੰ ਲਟਕਾਇਆ ਗਿਆ ਸੀ। ਅੱਗ 'ਤੇ ਜਦੋਂ ਤੜਕੇ ਕਰੀਬ 3 ਵਜੇ ਕਾਬੂ ਪਾ ਕੇ ਘਰ ਦੀ ਤਲਾਸ਼ੀ ਲਈ ਗਈ ਤਾਂ ਅੰਸ਼ਿਕਾ ਦੇ ਸਹੁਰੇ ਰਾਜੇਂਦਰ ਕੇਸਰਵਾਨੀ (65) ਅਤੇ ਸੱਸ ਸ਼ੋਭਾ ਦੇਵੀ (62) ਦੀ ਲਾਸ਼ ਮਿਲੀ।

ਸਿੱਧੂ ਫਿਰ ਕੁਮੈਂਟਰੀ ਕਰਨਗੇ

ਚੰਡੀਗੜ੍ਹ : ਨਵਜੋਤ ਸਿੰਘ ਸਿੱਧੂ ਫਿਰ ਕ੍ਰਿਕਟ ਕੁਮੈਂਟੇਟਰ ਵਜੋਂ ਆਪਣੀ ਪਾਰੀ ਸ਼ੁਰੂ ਕਰ ਰਹੇ ਹਨ। ਉਹ ਇੰਡੀਅਨ ਪ੍ਰੀਮੀਅਰ ਲੀਗ (ਆਈ ਪੀ ਐੱਲ) ਦੀ ਕੁਮੈਂਟਰੀ ਕਰਨਗੇ।

ਸੀ ਏ ਏ ਖਿਲਾਫ ਸੁਣਵਾਈ 9 ਅਪ੍ਰੈਲ ਤੱਕ ਟਲੀ

ਨਵੀਂ ਦਿੱਲੀ : ਕੇਂਦਰ ਨੇ ਮੰਗਲਵਾਰ ਨਾਗਰਿਕਤਾ (ਸੋਧ) ਨਿਯਮ-2024 ਨੂੰ ਲਾਗੂ ਕਰਨ 'ਤੇ ਰੋਕ ਲਗਾਉਣ ਦੀਆਂ 237 ਅਰਜ਼ੀਆਂ 'ਤੇ ਆਪਣਾ ਜਵਾਬ ਦਾਇਰ ਕਰਨ ਲਈ ਸੁਪਰੀਮ ਕੋਰਟ ਤੋਂ ਚਾਰ ਹਫਤਿਆਂ ਦਾ ਸਮਾਂ ਮੰਗਿਆ।

ਕੇਂਦਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਚੀਫ ਜਸਟਿਸ ਡੀ ਵਾਈ ਚੰਦਰਚੂੜ, ਜਸਟਿਸ ਜੇ ਬੀ ਪਾਰਦੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੂੰ ਕਿਹਾ ਕਿ ਉਨ੍ਹਾਂ ਨੂੰ 20 ਅਰਜ਼ੀਆਂ ਦਾ ਜਵਾਬ ਦੇਣ ਲਈ ਕੁਝ ਸਮਾਂ ਚਾਹੀਦਾ ਹੈ।

ਬੈਂਚ ਨੇ ਕਾਨੂੰਨ 'ਤੇ ਅਮਲ 'ਤੇ ਸਟੇਅ ਨਹੀਂ ਦਿੱਤੀ, ਪਰ ਕੇਂਦਰ ਨੂੰ ਕਿਹਾ ਕਿ ਉਹ 2 ਅਪ੍ਰੈਲ ਤੱਕ ਪੰਜ ਸਫਿਆਂ ਵਿਚ ਆਪਣੀ ਗੱਲ ਕਹੇ ਤੇ ਪਟੀਸ਼ਨਰ ਵੀ ਉਸ ਦਾ ਜਵਾਬ ਪੰਜ ਸਫਿਆਂ ਵਿਚ 8 ਅਪ੍ਰੈਲ ਤੱਕ ਦੇਣ। ਉਹ ਫਿਰ 9 ਅਪ੍ਰੈਲ ਨੂੰ ਸੁਣਵਾਈ ਕਰੇਗੀ।

ਬਾਬਾ ਰਾਮਦੇਵ ਸੁਪਰੀਮ ਕੋਰਟ 'ਚ ਤਲਬ

ਨਵੀਂ ਦਿੱਲੀ : ਸੁਪਰੀਮ ਕੋਰਟ ਨੇ ਪਤੰਜਲੀ ਆਯੁਰਵੇਦ ਉਤਪਾਦਾਂ ਦੇ ਇਸ਼ਤਿਹਾਰਾਂ ਅਤੇ ਦਵਾਈਆਂ ਦੇ ਪ੍ਰਭਾਵ ਨਾਲ ਸੰਬੰਧਤ ਮਾਣਹਾਨੀ ਦੀ ਕਾਰਵਾਈ 'ਚ ਮੰਗਲਵਾਰ ਯੋਗ ਗੁਰੂ ਰਾਮਦੇਵ ਅਤੇ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਆਚਾਰੀਆ ਬਾਲਕ੍ਰਿਸ਼ਨ ਨੂੰ ਨਿੱਜੀ ਤੌਰ 'ਤੇ ਪੇਸ਼ ਹੋਣ ਦੀ ਹਦਾਇਤ ਕੀਤੀ। ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਅਹਿਸਾਨੁਦੀਨ ਅਮਾਨਉੱਲ੍ਹਾ ਦੀ ਬੈਂਚ ਨੇ ਕੰਪਨੀ ਅਤੇ ਬਾਲਕ੍ਰਿਸ਼ਨ ਵੱਲੋਂ ਪਹਿਲਾਂ ਜਾਰੀ ਕੀਤੇ ਅਦਾਲਤੀ ਨੋਟਿਸਾਂ ਦਾ ਜਵਾਬ ਨਾ ਦੇਣ 'ਤੇ ਸਖਤ ਇਤਰਾਜ਼ ਕੀਤਾ। ਉਨ੍ਹਾਂ ਨੂੰ ਨੋਟਿਸ ਜਾਰੀ ਕਰਕੇ ਪੁੱਛਿਆ ਗਿਆ ਸੀ ਕਿ ਅਦਾਲਤ ਨਾਲ ਕੀਤੇ ਵਾਅਦੇ ਦੀ ਉਲੰਘਣਾ ਕਰਨ ਲਈ ਉਨ੍ਹਾਂ ਵਿਰੁੱਧ ਮਾਣਹਾਨੀ ਦੀ ਕਾਰਵਾਈ ਕਿਉਂ ਨਾ ਕੀਤੀ ਜਾਵੇ। ਬੈਂਚ ਨੇ ਸਵਾਮੀ ਰਾਮਦੇਵ ਨੂੰ ਨੋਟਿਸ ਵੀ ਜਾਰੀ ਕਰਕੇ ਪੁੱਛਿਆ ਹੈ ਕਿ ਕਿਉਂ ਨਾ ਉਨ੍ਹਾ ਵਿਰੁੱਧ ਮਾਣਹਾਨੀ ਦੀ ਕਾਰਵਾਈ ਸ਼ੁਰੂ ਕੀਤੀ ਜਾਵੇ। ਕੋਰਟ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੀ ਉਸ ਪਟੀਸ਼ਨ 'ਤੇ ਸੁਣਵਾਈ ਕਰ ਰਹੀ ਹੈ, ਜਿਸ ਵਿਚ ਸਵਾਮੀ ਰਾਮਦੇਵ 'ਤੇ ਟੀਕਾਕਰਨ ਮੁਹਿੰਮ ਅਤੇ ਆਧੁਨਿਕ ਦਵਾਈਆਂ ਵਿਰੁੱਧ ਮੁਹਿੰਮ ਚਲਾਉਣ ਦਾ ਦੋਸ਼ ਲਗਾਇਆ ਗਿਆ ਹੈ।

ਚੋਣ ਕਮਿਸ਼ਨ ਵੱਲੋਂ ਜਲੰਧਰ ਦੇ ਡੀ ਸੀ ਨੂੰ ਬਦਲਣ ਦਾ ਨਿਰਦੇਸ਼

ਚੰਡੀਗੜ੍ਹ, (ਗੁਰਜੀਤ ਬਿੱਲਾ)

ਭਾਰਤੀ ਚੋਣ ਕਮਿਸ਼ਨ ਨੇ ਇਕ ਸ਼ਿਕਾਇਤ ਦੇ ਆਧਾਰ 'ਤੇ ਜਲੰਧਰ ਦੇ ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਨੂੰ ਤਬਦੀਲ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾ ਨੂੰ ਮੌਜੂਦਾ ਪੋਸਟਿੰਗ ਤੋਂ ਹਟਾ ਕੇ ਕਿਸੇ ਹੋਰ ਥਾਂ ਤਬਦੀਲ ਕਰਨ ਲਈ ਕਿਹਾ ਹੈ, ਪਰ ਉਥੇ ਉਨ੍ਹਾ ਦਾ ਗ੍ਰਹਿ ਜ਼ਿਲ੍ਹਾ ਨਾ ਹੋਵੇ। ਨਾਲ ਹੀ ਇਹ ਵੀ ਕਿਹਾ ਹੈ ਕਿ ਉਥੇ ਤਾਇਨਾਤ ਕੀਤਾ ਜਾਵੇ, ਜਿੱਥੇ ਜਲੰਧਰ ਲੋਕ ਸਭਾ ਹਲਕਾ ਨਾ ਪੈਂਦਾ ਹੋਵੇ। ਨਵਾਂ ਡਿਪਟੀ ਕਮਿਸ਼ਨਰ ਤਾਇਨਾਤ ਕਰਨ ਲਈ ਚੋਣ ਕਮਿਸ਼ਨ ਨੇ 3 ਅਧਿਕਾਰੀਆਂ ਦੇ ਪੈਨਲ ਦੀ ਮੰਗ ਕੀਤੀ ਹੈ। ਇਸੇ ਤਰ੍ਹਾਂ ਰੋਪੜ ਰੇਂਜ ਦੇ ਏ ਡੀ ਜੀ ਪੀ ਜਸਕਰਨ ਸਿੰਘ ਅਤੇ ਬਾਰਡਰ ਰੇਂਜ ਦੇ ਡੀ ਆਈ ਜੀ ਨਰਿੰਦਰ ਭਾਰਗਵ ਨੂੰ ਵੀ ਹਟਾਉਣ ਦੇ ਨਿਰਦੇਸ਼ ਦਿੱਤੇ ਗਏ ਹਨ।

ਇਨ੍ਹਾਂ ਦੋਵਾਂ ਅਧਿਕਾਰੀਆਂ ਨੂੰ ਵੀ ਮੌਜੂਦਾ ਜ਼ਿਲ੍ਹਿਆਂ ਤੋਂ ਬਾਹਰ ਲਗਾਉਣ ਲਈ ਕਿਹਾ ਗਿਆ ਹੈ। ਉਕਤ ਦੋਵੇਂ ਅਧਿਕਾਰੀ ਕ੍ਰਮਵਾਰ ਅਪ੍ਰੈਲ ਅਤੇ ਜੂਨ 2024 ਵਿਚ ਸੇਵਾ-ਮੁਕਤ ਹੋ ਰਹੇ ਹਨ। ਦੋਵਾਂ ਥਾਵਾਂ 'ਤੇ ਨਵੇਂ ਅਧਿਕਾਰੀਆਂ ਦੀ ਤਾਇਨਾਤੀ ਲਈ ਕਮਿਸ਼ਨ ਨੇ 3-3 ਨਾਵਾਂ ਵਾਲੇ ਪੈਨਲਾਂ ਦੀ ਮੰਗ ਕੀਤੀ ਹੈ।

ਬਰਾਜ਼ੀਲ ਦੀ ਰਾਜਧਾਨੀ 'ਚ ਤਾਪਮਾਨ 62.3 ਡਿਗਰੀ

ਰੀਓ 'ਦ ਜਨੇਰੀਓ : ਗਰਮ ਹਵਾਵਾਂ ਕਾਰਨ ਬਰਾਜ਼ੀਲ ਦੀ ਰਾਜਧਾਨੀ ਰੀਓ 'ਦ ਜਨੇਰੀਓ ਵਿਚ ਸੋਮਵਾਰ ਤਾਪਮਾਨ 62.3 ਡਿਗਰੀ ਸੈਲਸੀਅਸ (144.1 ਫਾਰਨਹੀਟ) ਰਿਹਾ। ਇਹ ਇਕ ਦਹਾਕੇ ਦਾ ਸਭ ਤੋਂ ਵੱਧ ਹੈ। ਮੌਸਮ ਅਧਿਕਾਰੀਆਂ ਮੁਤਾਬਕ ਉਂਜ ਗਰਮੀ ਦੇ ਹਿਸਾਬ ਨਾਲ ਅਸਲ ਤਾਪਮਾਨ 42 ਡਿਗਰੀ ਸੀ, ਪਰ ਹੁੰਮਸ ਕਾਰਨ 62.3 ਡਿਗਰੀ ਤੱਕ ਪੁੱਜ ਗਿਆ। ਅਧਿਕਾਰੀਆਂ ਦਾ ਕਹਿਣਾ ਹੈ ਕਿ ਜੰਗਲਾਂ ਨੂੰ ਵੱਢਣ ਤੇ ਆਬਾਦੀ ਵਿਚ ਵਾਧੇ ਕਾਰਨ ਸਥਿਤੀ ਹੋਰ ਭਿਆਨਕ ਹੋ ਸਕਦੀ ਹੈ। ਗਰਮੀ ਦੇ ਸਤਾਏ ਲੋਕ ਸਮੁੰਦਰ ਕਿਨਾਰੇ ਬੀਚਾਂ 'ਤੇ ਨਜ਼ਰ ਆਏ।

ਐਨਕਾਊਂਟਰ ਸਪੈਸ਼ਲਿਸਟ ਨੂੰ ਉਮਰ ਕੈਦ ਦੀ ਸਜ਼ਾ

ਮੁੰਬਈ : ਬੰਬੇ ਹਾਈ ਕੋਰਟ ਨੇ ਗੈਂਗਸਟਰ ਛੋਟਾ ਰਾਜਨ ਦੇ ਕਰੀਬੀ ਸਹਿਯੋਗੀ ਰਾਮਾਨਾਰਾਇਣ ਗੁਪਤਾ ਉਰਫ ਲਖਨ ਭਈਆ ਦਾ ਨਵੰਬਰ 2006 'ਚ ਵਰਸੋਵਾ ਦੇ ਨਾਨਾ-ਨਾਨੀ ਪਾਰਕ 'ਚ ਫਰਜ਼ੀ ਮੁਕਾਬਲਾ ਕਰਨ ਦੇ ਦੋਸ਼ 'ਚ ਮੁੰਬਈ ਪੁਲਸ ਦੇ ਸਾਬਕਾ ਐਨਕਾਊਂਟਰ ਸਪੈਸ਼ਲਿਸਟ ਪ੍ਰਦੀਪ ਰਮੇਸ਼ਵਰ ਸ਼ਰਮਾ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਜਸਟਿਸ ਰੇਵਤੀ ਮੋਹਿਤੇ ਡੇਰੇ ਤੇ ਜਸਟਿਸ ਗੌਰੀ ਗੌਡਸੇ ਦੀ ਬੈਂਚ ਨੇ ਸੈਸ਼ਨ ਕੋਰਟ ਵੱਲੋਂ ਸ਼ਰਮਾ ਨੂੰ ਬਰੀ ਕਰਨ ਦਾ ਫੈਸਲਾ ਰੱਦ ਕਰ ਦਿੱਤਾ, ਜਦਕਿ ਇਸ ਮਾਮਲੇ ਵਿਚ ਇਕ ਹੋਰ ਐਨਕਾਊਂਟਰ ਸਪੈਸ਼ਲਿਸਟ ਪ੍ਰਦੀਪ ਸੂਰੀਆਵੰਸ਼ੀ ਸਣੇ 13 ਹੋਰਨਾਂ ਨੂੰ ਸੁਣਾਈ ਸਜ਼ਾ ਬਰਕਰਾਰ ਰੱਖੀ।

ਲਾਹੌਰ 'ਚ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਦੀ ਬਰਸੀ 'ਤੇ ਸਖਤ ਸੁਰੱਖਿਆ ਲਈ ਪੁਲਸ ਨੂੰ ਨਿਰਦੇਸ਼

ਲਾਹੌਰ : ਹਾਈ ਕੋਰਟ ਨੇ ਮੰਗਲਵਾਰ ਲਾਹੌਰ ਪੁਲਸ ਮੁਖੀ ਨੂੰ ਹੁਕਮ ਦਿੱਤਾ ਕਿ ਉਹ ਆਜ਼ਾਦੀ ਘੁਲਾਟੀਆਂ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਦੀ 93ਵੀਂ ਬਰਸੀ ਮੌਕੇ ਅਗਲੇ ਹਫਤੇ ਹੋਣ ਵਾਲੇ ਸਮਾਗਮਾਂ ਲਈ ਸਖਤ ਸੁਰੱਖਿਆ ਪ੍ਰਬੰਧਾਂ ਦੀ ਅਪੀਲ 'ਤੇ ਫੈਸਲਾ ਕਰਨ। ਭਗਤ ਸਿੰਘ ਮੈਮੋਰੀਅਲ ਫਾਊਂਡੇਸ਼ਨ ਪਾਕਿਸਤਾਨ ਦੇ ਚੇਅਰਮੈਨ ਵਕੀਲ ਇਮਤਿਆਜ਼ ਰਾਸ਼ਿਦ ਕੁਰੈਸ਼ੀ ਨੇ ਪਿਛਲੇ ਹਫਤੇ ਲਾਹੌਰ ਹਾਈ ਕੋਰਟ 'ਚ ਪਟੀਸ਼ਨ ਦਾਇਰ ਕਰਕੇ ਅਦਾਲਤ ਨੂੰ ਬੇਨਤੀ ਕੀਤੀ ਸੀ ਕਿ ਉਹ ਪੰਜਾਬ ਸਰਕਾਰ ਨੂੰ ਸਖਤ ਸੁਰੱਖਿਆ ਮੁਹੱਈਆ ਕਰਵਾਉਣ ਅਤੇ 23 ਮਾਰਚ ਨੂੰ ਸਾਦਮਾਨ ਚੌਕ ਵਿਖੇ ਹੋਣ ਵਾਲੇ ਸਮਾਗਮ ਲਈ 'ਵਾਕ-ਥਰੂ' ਗੇਟ ਲਗਾਉਣ ਦੇ ਨਿਰਦੇਸ਼ ਦੇਣ, ਤਾਂ ਜੋ ਕਿਸੇ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ। ਲਾਹੌਰ ਹਾਈ ਕੋਰਟ ਦੇ ਜਸਟਿਸ ਸ਼ਾਹਿਦ ਕਰੀਮ ਨੇ ਲਾਹੌਰ ਪੁਲਸ ਮੁਖੀ ਨੂੰ ਸਮਾਗਮ ਲਈ ਸਖਤ ਸੁਰੱਖਿਆ ਸੰਬੰਧੀ ਕੁਰੈਸੀ ਦੀ ਅਰਜ਼ੀ 'ਤੇ ਫੈਸਲਾ ਕਰਨ ਦਾ ਨਿਰਦੇਸ਼ ਦਿੱਤਾ। ਕੁਰੈਸ਼ੀ ਨੇ ਆਪਣੀ ਪਟੀਸ਼ਨ 'ਚ ਕਿਹਾ ਸੀ ਕਿ ਪੰਜਾਬ ਸਰਕਾਰ ਨੇ ਸਾਦਮਾਨ ਚੌਕ, ਜਿੱਥੇ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਨੂੰ 93 ਸਾਲ ਪਹਿਲਾਂ ਫਾਂਸੀ 'ਤੇ ਲਟਕਾ ਦਿੱਤਾ ਗਿਆ ਸੀ, 'ਚ ਕਰਵਾਏ ਜਾ ਰਹੇ ਸਮਾਗਮ 'ਚ ਸੁਰੱਖਿਆ ਪ੍ਰਬੰਧਾਂ ਦੀ ਉਨ੍ਹਾ ਦੀ ਬੇਨਤੀ 'ਤੇ ਗੌਰ ਨਹੀਂ ਕੀਤਾ।

ਹੰਸ ਫਰੀਦਕੋਟ ਤੋਂ ?

ਫਰੀਦਕੋਟ : ਭਾਜਪਾ ਫਰੀਦਕੋਟ ਲੋਕ ਸਭਾ ਹਲਕੇ ਤੋਂ ਹੰਸ ਰਾਜ ਹੰਸ ਨੂੰ ਉਮੀਦਵਾਰ ਬਣਾ ਸਕਦੀ ਹੈ। ਆਮ ਆਦਮੀ ਪਾਰਟੀ ਨੇ ਕਰਮਜੀਤ ਅਨਮੋਲ ਨੂੰ ਮੈਦਾਨ ਵਿਚ ਉਤਾਰਿਆ ਹੈ। ਇਸ ਵੇਲੇ ਕਾਂਗਰਸ ਦੇ ਮੁਹੰਮਦ ਸਦੀਕ ਸਾਂਸਦ ਹਨ। ਹੰਸ ਦਿੱਲੀ ਤੋਂ ਸਾਂਸਦ ਸਨ, ਪਰ ਉੱਥੋਂ ਉਨ੍ਹਾ ਨੂੰ ਦੁਬ

20-MAR-PAGE-1.qxd 3/19/2024 10:36 PM Page 2

34 ਲੱਖ ਦੀ ਠੱਗੀ ਦੇ ਮਾਮਲੇ 'ਚ ਲੋੜੀਂਦੇ ਵਿਅਕਤੀ ਦਾ ਪ੍ਰੋਡਕਸ਼ਨ ਵਰੰਟ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਲੱਖਾਂ ਰੁਪਏ ਦੀ ਠੱਗੀ ਦੇ ਮਾਮਲੇ 'ਚ ਲੋੜੀਂਦੇ ਇੱਕ ਵਿਅਕਤੀ ਨੂੰ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਜੇਲ੍ਹ 'ਚੋਂ ਪ੍ਰੋਡਕਸ਼ਨ ਵਰੰਟ 'ਤੇ ਲਿਆ ਕੇ ਪੁੱਛਗਿੱਛ ਕਰਨ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਵਿੰਨਰਪਾਲ ਸਿੰਘ ਵਾਸੀ ਪਿੰਡ ਗੁਣੀਆ ਮਾਜਰੀ, ਜੋ ਕਿ ਨਵੀਂ ਨਾਭਾ ਜੇਲ ਚੋ ਬੰਦ ਸੀ, ਵਿਰੁੱਧ ਭੁਪਿੰਦਰ ਕੌਰ ਨਾਮਕ ਔਰਤ ਦੀ ਸ਼ਿਕਾਇਤ 'ਤੇ ਮਿਤੀ 7/9/23 ਨੂੰ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਵੀ ਅ/ਧ 420 ਆਈ.ਪੀ.ਸੀ. ਤਹਿਤ ਕੇਸ ਦਰਜ ਕੀਤਾ ਸੀ।ਸ਼ਿਕਾਇਤਕਰਤਾ ਔਰਤ ਨੇ ਦੋਸ਼ ਲਗਾਏ ਸਨ ਕਿ ਵਿੰਨਰਜੀਤ ਸਿੰਘ ਨੇ ਕਾਰੋਬਾਰ 'ਚ ਪੈਸੇ ਇਨਵੈਸਟ ਕਰਵਾਉਣ ਦੇ ਨਾਮ 'ਤੇ ਉਸ ਨਾਲ 34,55,000/- ਰੁਪਏ ਦੀ ਠੱਗੀ ਮਾਰੀ ਹੈ।ਪੁਲਸ ਦੇ ਸੂਤਰਾਂ ਅਨੁਸਾਰ ਉਕਤ ਵਿਅਕਤੀ ਕਾਫੀ ਲੋਕਾਂ ਨਾਲ ਫਰਾਡ ਕਰ ਚੁੱਕਾ ਹੈ, ਜਿਸ ਨੇ ਪੁਲਸ ਰਿਮਾਂਡ ਦੌਰਾਨ ਭੁਪਿੰਦਰ ਕੌਰ ਨਾਲ ਵੀ 34 ਲੱਖ 55 ਹਜ਼ਾਰ ਰੁਪਏ ਦੀ ਠੱਗੀ ਮਾਰਨ ਦੀ ਗੱਲ ਕਬੂਲੀ ਹੈ ਤੇ ਉਸ ਕੋਲੋਂ ਪੁੱਛਗਿੱਛ ਜਾਰੀ ਹੈ।

ਇਕਬਾਲ ਕੌਰ ਨੂੰ ਕੀਤਾ ਸਨਮਾਨਤ

ਮਲੋਟ (ਗੁਰਮੀਤ ਸਿੰਘ ਮੱਕੜ)-ਬੀਤੇ ਦਿਨੀਂ ਅਮਿੱਟੀ ਯੂਨੀਵਰਸਿਟੀ ਮੋਹਾਲੀ ਵਿਖੇ ਕਰਵਾਏ ਗਏ ਰਾਜ ਪੱਧਰੀ ਸਨਮਾਨ ਸਮਾਰੋਹ ਵਿੱਚ ਡੀ.ਏ.ਵੀ. ਕਾਲਜ ਦੇ ਰੈੱਡ ਰਿਬਨ ਕਲੱਬ ਦੇ ਇੰਚਾਰਜ ਮੈਡਮ ਇਕਬਾਲ ਕੌਰ ਨੂੰ 'ਬੈਸਟ ਪ੍ਰੋਗਰਾਮ ਕੋਆਰਡੀਨੇਟਰ ਐਵਾਰਡ' ਨਾਲ ਸਨਮਾਨਤ ਕੀਤਾ ਗਿਆ। ਇਸ ਤੋਂ ਇਲਾਵਾ ਕਾਲਜ ਦੀ ਬੀ. ਏ. ਭਾਗ ਤੀਜਾ ਦੀ ਵਿਦਿਆਰਥਣ ਹਿਮਾਨੀ ਨੂੰ ਵੀ ਇਸ ਸਮਾਰੋਹ ਵਿੱਚ ਵਿਸ਼ੇਸ਼ ਤੌਰ 'ਤੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ। ਇਸ ਪ੍ਰਾਪਤੀ ਲਈ ਕਾਲਜ ਦੇ ਪ੍ਰਿੰਸੀਪਲ ਸੁਭਾਸ਼ ਗੁਪਤਾ ਤੇ ਸਮੂਹ ਸਟਾਫ਼ ਵੱਲੋਂ ਮੈਡਮ ਨੂੰ ਮੁਬਾਰਕਬਾਦ ਦਿੱਤੀ ਗਈ।

ਪੰਡਤ ਅਨਿਲ ਸ਼ਰਮਾ ਜੋਤਿਸ਼ ਗੌਰਵ ਐਵਾਰਡ ਨਾਲ ਸਨਮਾਨਤ

ਪਹਿਲਾ ਅੰਤਰਰਾਸ਼ਟਰੀ ਨਕਸ਼ਤਰ ਦਰਪਣ ਜੋਤਿਸ਼ ਤੇ ਵਾਸਤੂ ਮਹਾਂ ਸੰਮੇਲਨ

ਭਗਤਾ ਭਾਈ ਕਾ (ਰਾਜੀਵ ਗੋਇਲ)-ਭਾਰਤ ਦੇ 311 ਮਹਾਨ ਵਿਦਵਾਨ ਬ੍ਰਾਹਮਣ, ਡਾ: ਐੱਚ. ਐੱਸ. ਰਾਵਤ, ਡਾ: ਰਾਜੇਸ਼ ਓਝਾ, ਆਚਾਰੀਆ ਮਾਨਵੇਂਦਰ, ਆਚਾਰੀਆ ਸੱਤਿਆਨਾਰਾਇਣ ਸ਼ਾਂਡਿਲਿਆ, ਆਚਾਰੀਆ ਸੰਦੀਪ ਕੌਸ਼ਿਕ ਗੋਲਡ ਮੈਡਲ ਸੂਚੀ ਦਿੱਲੀ, ਆਚਾਰੀਆ ਰਾਜਬੀਰ ਗੌਤਮ, ਆਚਾਰੀਆ ਰਿਸ਼ੀ ਰਾਮ ਸ਼ਾਸਤਰੀ ਕੈਨੇਡਾ, ਆਚਾਰੀਆ ਰਾਘਵੇਂਦਰ ਸਰਕਾਰ, ਡਾ: ਕ੍ਰਿਸ਼ਨ ਚੰਦਰ ਸ਼ਾਸਤਰੀ, ਆਚਾਰੀਆ ਸੁਭਾਸ਼ ਚੰਦਰ ਆਚਾਰੀਆ ਭਾਰਤੇਂਦੂ ਸ਼ਾਂਡਿਲਿਆ ਵੱਲੋਂ ਪੰਡਿਤ ਅਨਿਲ ਸ਼ਰਮਾ ਨੂੰ ਜੋਤਿਸ਼ ਗੌਰਵ ਐਵਾਰਡ ਨਾਲ ਸਨਮਾਨਤ ਕੀਤਾ ਗਿਆ।ਪੰਡਿਤ ਅਨਿਲ ਸ਼ਰਮਾ ਨੇ ਦੱਸਿਆ ਕਿ ਜੋਤਿਸ਼ ਵੇਦਾਂ ਦੀ ਜੜ੍ਹ ਹੈ।ਕੁੰਡਲੀ ਵਿੱਚ ਨਵਗ੍ਰਹਿ ਘਰਾਂ ਨੂੰ ਸਮਝ ਕੇ ਮਨੁੱਖ ਸੁਖੀ ਜੀਵਨ ਬਤੀਤ ਕਰ ਸਕਦਾ ਹੈ।ਪੰਡਿਤ ਜੀ ਨੇ ਕਾਨਫਰੰਸ ਵਿੱਚ ਹੋਰ ਵੀ ਕਈ ਵਿਸ਼ਿਆਂ 'ਤੇ ਚਰਚਾ ਕੀਤੀ।

ਮਾਨ ਸਿੰਘ ਨੇ ਸੀਨੀਅਰ ਸਹਾਇਕ ਵਜੋਂ ਅਹੁਦਾ ਸੰਭਾਲਿਆ

ਜ਼ੀਰਾ (ਨਰਿੰਦਰ ਅਨੇਜਾ)-ਬੀਤੇ ਦਿਨੀਂ ਸਿੱਖਿਆ ਵਿਭਾਗ ਵੱਲੋਂ ਜੂਨੀਅਰ ਸਹਾਇਕ ਤੋਂ ਸੀਨੀਅਰ ਸਹਾਇਕ ਦੀਆਂ ਤਰੱਕੀਆਂ ਕੀਤੀਆਂ ਗਈਆਂ, ਜਿਸ ਦੇ ਤਹਿਤ ਮਾਨ ਸਿੰਘ ਨੇ ਬਤੌਰ ਸੀਨੀਅਰ ਸਹਾਇਕ ਦਾ ਅਹੁਦਾ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਫਿਰੋਜ਼ਪੁਰ ਵਿਖੇ ਜੁਆਇਨ ਕੀਤਾ। ਮੈਡਮ ਨੀਲਮ ਰਾਣੀ ਜ਼ਿਲ੍ਹਾ ਸਿੱਖਿਆ ਅਫਸਰ ਫਿਰੋਜ਼ਪੁਰ ਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ ਪ੍ਰਗਟ ਸਿੰਘ ਨੇ ਮਾਨ ਸਿੰਘ ਨੂੰ ਬੁੱਕਾ ਦੇ ਕੇ ਜੀ ਆਇਆਂ ਆਖਿਆ। ਮਨਿਸਟਿਰੀਅਲ ਸਟਾਫ ਯੂਨੀਅਨ ਦੇ ਪ੍ਰਧਾਨ ਵਰੁਨ ਕੁਮਾਰ ਵੱਲੋਂ ਵੀ ਉਨ੍ਹਾਂ ਦਾ ਸਵਾਗਤ ਕੀਤਾ ਗਿਆ।ਮਾਨ ਸਿੰਘ ਵੱਲੋਂ ਅਹੁਦਾ ਸੰਭਾਲਣ ਤੋਂ ਬਾਅਦ ਉਨ੍ਹਾਂ ਕਿਹਾ ਕਿ ਉਹ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣਗੇ ਤੇ ਕਿਸੇ ਵੀ ਅਧਿਆਪਕ ਨੂੰ ਦਫਤਰ ਵਿੱਚ ਪ੍ਰੇਸ਼ਾਨੀ ਨਹੀਂ ਆਉਣ ਦੇਣਗੇ।ਉਸ ਸਮੇਂ ਹਾਜ਼ਰ ਮੈਂਬਰਾਂ ਵਿੱਚ ਚਮਕੌਰ ਸਿੰਘ ਸਾਬਕਾ ਜ਼ਿਲ੍ਹਾ ਸਿੱਖਿਆ ਅਫਸਰ, ਪ੍ਰਿੰਸੀਪਲ ਕਰਮਜੀਤ ਸਿੰਘ ਜੋਸਨ, ਨਵੀਨ ਕੁਮਾਰ ਸੂਬਾ ਵਿੱਤ ਸਕੱਤਰ, ਦਿਨੇਸ਼ ਕੁਮਾਰ, ਗੁਰਮੀਤ ਸਿੰਘ ਸੰਧੂ, ਗੁਰਵਿੰਦਰ ਸਿੰਘ, ਦਿਲਪ੍ਰੀਤ ਸਿੰਘ, ਮਹਾਂਵੀਰ ਬਾਂਸਲ, ਰਾਜੇਸ਼ ਪੁਰੀ ਆਦਿ ਹਾਜ਼ਰ ਸਨ।

ਮਾਤਾ ਹਰਦੇਈ ਸਕੂਲ 'ਚ ਫਲਦਾਰ ਪੌਦੇ ਲਗਾਏ

ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)-ਮਾਛੀਵਾੜਾ ਇਲਾਕੇ ਦੀ ਪ੍ਰਸਿੱਧ ਸੰਸਥਾ ਮਾਤਾ ਹਰਦੇਈ ਨੈਸ਼ਨਲ ਕਾਲਜੀਏਟ ਸੀਨੀ. ਸੈਕੰ. ਸਕੂਲ ਮਾਛੀਵਾੜਾ ਵਿਖੇ 'ਰੁੱਖ ਲਗਾਓ, ਵਾਤਾਵਰਣ ਬਚਾਓ' ਲਹਿਰ ਤਹਿਤ ਸਕੂਲ ਕਮੇਟੀ ਦੇ ਪ੍ਰਧਾਨ ਸੁਰਿੰਦਰ ਕੁੰਦਰਾ ਸਕੱਤਰ ਗੁਰਨਾਮ ਸਿੰਘ ਨਾਗਰਾ ਤੇ ਜੁਆਇੰਟ ਸਕੱਤਰ ਜੈ ਦੀਪ ਕਾਹਲੋਂ ਵੱਲੋਂ ਸਕੂਲ ਵਿੱਚ ਫੱਲਦਾਰ ਬੂਟੇ ਜਿਵੇਂ ਕਿ ਅਮਰੂਦ ਤੇ ਅੰਬ ਆਦਿ ਲਗਾਏ ਗਏ।ਇਸ ਮੁਹਿੰਮ ਦੀ ਅਗਵਾਈ ਕਰਦਿਆਂ ਸਕੂਲ ਪ੍ਰਿੰਸੀਪਲ ਪ੍ਰੋ. ਬਲਜੀਤ ਸਿੰਘ ਨੇ ਫਲਦਾਰ ਬੂਟਿਆਂ ਦੀ ਅਹਿਮੀਅਤ ਦਸਦਿਆਂ ਵਿਦਿਆਰਥੀਆਂ ਨੂੰ ਇਨ੍ਹਾਂ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ। ਪਿਛਲੇ ਸੈਸ਼ਨ ਦੌਰਾਨ ਵੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਸਮੂਹ ਸਟਾਫ਼ ਵੱਲੋਂ ਵੱਡੀ ਗਿਣਤੀ ਵਿੱਚ ਫ਼ਲਦਾਰ ਤੇ ਛਾਂਦਾਰ ਬੂਟੇ ਲਗਾਏ ਗਏ ਸੀ।ਉਨ੍ਹਾਂ ਕਿਹਾ ਕਿ ਵਾਤਾਵਰਨ ਦੀ ਸੰਭਾਲ ਨਾਲ ਹੀ ਸਾਡਾ ਕੁਦਰਤੀ ਵਾਤਾਵਰਣ ਸ਼ੁੱਧ ਤੇ ਸਾਫ਼ ਆਬੋ ਹਵਾ ਵਾਲਾ ਬਣੇਗਾ, ਜਿਸ ਨਾਲ ਸਾਡਾ ਜੀਵਨ ਤੰਦਰੁਸਤੀ ਭਰਪੂਰ ਰਹੇਗਾ।ਇਸ ਮੌਕੇ ਸਮੂਹ ਸਟਾਫ਼ ਹਾਜ਼ਰ ਸੀ।

ਭਾਰਤ ਵਿਕਾਸ ਪ੍ਰੀਸ਼ਦ ਨੂੰ ਕੀਤਾ ਸਨਮਾਨਤ

ਜਲਾਲਾਬਾਦ (ਜੰਗੀਰ ਕੌਰ, ਜੀਤ ਕੁਮਾਰ)-ਭਾਰਤ ਵਿਕਾਸ ਪ੍ਰੀਸ਼ਦ ਪੰਜਾਬ ਸਾਊਥ ਵੱਲੋਂ ਬੀਤੇ ਦਿਨ ਜੈਤੋ ਵਿਖੇ ਇੱਕ ਵਿਸ਼ੇਸ਼ ਸਮਾਗਮ ਕੀਤਾ ਗਿਆ, ਜਿਸ ਵਿੱਚ ਪੰਜਾਬ ਸਾਊਥ ਦੀਆਂ 30 ਬਰਾਂਚਾਂ ਨੇ ਹਿੱਸਾ ਲਿਆ। ਇਸ ਸਮਾਗਮ ਵਿੱਚ ਜਿੱਥੇ ਬਰਾਂਚਾਂ ਨੇ ਸਾਲ 2023-24 ਦੌਰਾਨ ਕੀਤੇ ਗਏ ਸਮੁੱਚੇ ਕਾਰਜਾਂ ਸੰਬੰਧੀ ਵਿਸਥਾਰ ਪੂਰਵਕ ਦੱਸਿਆ ਉੱਥੇ ਹੀ ਸਾਲ 2024-25 ਦਾ ਪੰਜਾਬ ਸਾਊਥ ਦਾ ਇਲੈਕਸ਼ਨ ਵੀ ਸਰਬਸੰਮਤੀ ਨਾਲ ਕੀਤਾ ਗਿਆ। ਜਿਸ ਵਿੱਚ ਵਿਕਟਰ ਛਾਬੜਾ ਪ੍ਰਧਾਨ, ਮਨੋਜ ਮੋਂਗਾ ਜਨਰਲ ਸਕੱਤਰ, ਮਨੋਜ ਅਗਰਵਾਲ ਖਜ਼ਾਨਚੀ ਚੁਣੇ ਗਏ। ਇਸ ਸਮਾਗਮ ਵਿੱਚ ਭਾਰਤ ਵਿਕਾਸ ਪ੍ਰੀਸ਼ਦ ਜਲਾਲਾਬਾਦ ਨੂੰ ਸਾਲ 2023-24 ਲਈ ਉਸ ਵੱਲੋਂ ਕੀਤੇ ਗਏ ਮਾਨਵਤਾ ਭਲਾਈ ਦੇ ਕਾਰਜਾਂ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ। ਇਸ ਸਮਾਗਮ ਵਿੱਚ ਭਾਰਤ ਵਿਕਾਸ ਪ੍ਰੀਸ਼ਦ ਜਲਾਲਾਬਾਦ ਬਰਾਂਚ ਵੱਲੋਂ ਜ਼ਿਲ੍ਹਾ ਪ੍ਰਧਾਨ ਦਵਿੰਦਰ ਕੁੱਕੜ, ਸਟੇਟ ਮੈਂਬਰ ਰਾਜੇਸ਼ ਪਰੂਥੀ, ਬਰਾਂਚ ਪ੍ਰਧਾਨ ਪ੍ਰਵੇਸ਼ ਖੰਨਾ, ਸਕੱਤਰ ਰੋਸ਼ਨ ਲਾਲ ਅਸੀਜਾ, ਨਰੇਸ਼ ਕੁੱਕੜ ਅਡਵਾਈਜ਼ਰ ਅਤੇ ਸੁਰੇਸ਼ ਗਾਬਾ ਹਾਜ਼ਰ ਸਨ।

ਭੂਕਲ ਫਿਜ਼ਿਓਥਰੈਪੀ ਸੈਂਟਰ ਵੱਲੋਂ ਮੁਫਤ ਮੈਡੀਕਲ ਚੈੱਕਅੱਪ ਕੈਂਪ

ਚੀਮਾ ਮੰਡੀ (ਰਵਿੰਦਰ ਚੀਮਾ)-ਭੂਕਲ ਫਿਜ਼ਿਓਥਰੈਪੀ ਸੈਂਟਰ ਤੇ ਸੋਸ਼ਲ ਕੇਅਰ ਚੈਰੀਟੇਬਲ ਸੁਸਾਇਟੀ ਚੀਮਾ ਵੱਲੋਂ ਸੰਤ ਅਤਰ ਸਿੰਘ ਜੀ ਦੇ ਜਨਮ ਦਿਹਾੜੇ 'ਤੇ ਫਰੀ ਮੈਡੀਕਲ ਤੇ ਅੱਖਾਂ ਦਾ ਚੈੱਕਅਪ ਕੈਂਪ ਲਗਾਇਆ ਗਿਆ।ਇਸ ਕੈਂਪ ਦੌਰਾਨ ਬਸੰਤ ਹਸਪਤਾਲ ਸੁਨਾਮ ਦੀ ਡਾਕਟਰ ਮਾਨਸੀ ਜਿੰਦਲ ਦੀ ਟੀਮ ਨੇ ਮਰੀਜ਼ਾਂ ਦੀਆਂ ਅੱਖਾਂ ਦਾ ਨਰੀਖਣ ਕੀਤਾ।ਕੈਂਪ ਦੇ ਪ੍ਰਬੰਧਕ ਡਾਕਟਰ ਭੀਮ ਸਿੰਘ ਭੂਕਲ ਨੇ ਜਾਣਕਾਰੀ ਦਿੱਤੀ ਕਿ ਗ਼ਰੀਬ ਪਰਿਵਾਰ ਦਾ ਕੋਈ ਵੀ ਮਰੀਜ਼, ਜਿਸ ਨੇ ਅੱਖਾਂ ਦੇ ਲੈਨਜ਼ ਪੁਆਉਣੇ ਹਨ, ਉਸ ਦਾ ਅੱਧਾ ਖਰਚਾ ਮਰੀਜ਼ ਆਪ ਕਰੇਗਾ ਤੇ ਅੱਧਾ ਖ਼ਰਚਾ ਸੁਸਾਇਟੀ ਕਰੇਗੀ।27 ਮਾਰਚ ਤੱਕ ਸੁਸਾਇਟੀ ਵੱਲੋਂ ਪਰਚੀ ਕਰਵਾ ਕੇ ਲੈ ਜਾਵੇ, ਕੋਈ ਫੀਸ ਨਹੀਂ ਲੱਗੇਗੀ।ਇਸ ਕੈਂਪ ਵਿੱਚ ਇਲਾਕੇ ਦੀਆਂ ਰਾਜਨੀਤਕ ਪਾਰਟੀਆਂ ਦੇ ਨੁਮਾਇੰਦਿਆਂ ਨੇ ਸ਼ਿਰਕਤ ਕੀਤੀ, ਜਿਸ ਵਿੱਚ ਪਰਮਿੰਦਰ ਸਿੰਘ ਢੀਂਡਸਾ ਸਾਬਕਾ ਵਿੱਤ ਮੰਤਰੀ, ਦਮਨ ਥਿੰਦ ਬਾਜਵਾ ਬੀਜੇਪੀ, ਗਿਆਨ ਸਿੰਘ ਸਤੌਜ, ਚੇਅਰਮੈਨ ਦਰਸ਼ਨ ਸਿੰਘ ਗੀਤੀ ਮਾਨ ਮਾਰਕੀਟ ਕਮੇਟੀ ਚੀਮਾ, ਐਡਵੋਕੇਟ ਗੁਰਤੇਗ ਸਿੰਘ ਲੌਂਗੋਵਾਲ ਕਾਂਗਰਸ, ਕੁਲਦੀਪ ਸਿੰਘ ਆਪ ਆਗੂ, ਗੋਬਿੰਦ ਸਿੰਘ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ, ਡਾਕਟਰ ਸਤਨਾਮ ਸਿੰਘ ਕੈਨੇਡਾ, ਰਵਿੰਦਰ ਬਾਂਸਲ ਮਾਡਰਨ ਕਾਲਜ ਬੀਰ ਕਲਾਂ, ਅਮਨਵੀਰ ਸਿੰਘ ਚੈਰੀ, ਜਸਵੀਰ ਸਿੰਘ ਪੀ ਪੀ ਸਕੂਲ ਚੀਮਾ, ਕਾਕਾ ਪ੍ਰਧਾਨ, ਬਿੱਲਾ ਬਾਬੇ ਕਾ ਲੰਗਰ ਕਮੇਟੀ, ਅਮਰੀਕ ਸਿੰਘ, ਜਗਤਾਰ ਸਿੰਘ, ਕੁਲਵਿੰਦਰ ਸਿੰਘ ਡੇਅਰੀ ਵਾਲ਼ਾ, ਸੁਖਦੇਵ ਸਿੰਘ ਐੱਮ ਸੀ, ਨਰਿੰਦਰ ਚਹਿਲ, ਸਤਗੁਰ ਸਿੰਘ ਵਾਲੀਆ, ਪ੍ਰਧਾਨ ਚਮਕੌਰ ਸਿੰਘ ਸ਼ਾਹਪੁਰ, ਲੋਕ ਸੇਵਾ ਸਹਾਰਾ ਕਲੱਬ ਪ੍ਰਧਾਨ ਜਸਵਿੰਦਰ ਸ਼ਰਮਾ, ਨੀਲਕੰਠ ਹਸਪਤਾਲ ਡਾਕਟਰ ਅਵਤਾਰ ਸਿੰਘ ਸ਼ਾਮਲ ਸਨ।

ਮੋਤੀ ਰਾਮ ਮਹਿਰਾ ਟਰੱਸਟ ਦੇ ਚੇਅਰਮੈਨ ਸਣੇ 12 ਵਿਅਕਤੀਆਂ ਵਿਰੁੱਧ ਕੇਸ ਦਰਜ

ਧੋਖਾਧੜੀ, ਫੰਡਾਂ ਦੀ ਦੁਰਵਰਤੋਂ ਤੇ ਘਪਲੇਬਾਜ਼ੀ ਦੇ ਲੱਗੇ ਦੋਸ਼

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਵੱਲੋਂ ਮੋਤੀ ਰਾਮ ਮਹਿਰਾ ਟਰੱਸਟ ਦੇ ਚੇਅਰਮੈਨ ਨਿਰਮਲ ਸਿੰਘ ਐੱਸ. ਐੱਸ. ਸਣੇ 12 ਵਿਅਕਤੀਆਂ ਵਿਰੁੱਧ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਬਲਵੀਰ ਸਿੰਘ ਵਾਸੀ ਖਰੜ ਵੱਲੋਂ ਡੀ.ਜੀ.ਪੀ. ਪੰਜਾਬ ਨੂੰ ਲਿਖਤੀ ਸ਼ਿਕਾਇਤ ਦਿੰਦੇ ਹੋਏ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਨਿਰਮਲ ਸਿੰਘ ਐੱਸ. ਐੱਸ. ਤੇ ਟਰੱਸਟ ਨਾਲ ਜੁੜੇ ਹੋਰ ਕਈ ਵਿਅਕਤੀਆਂ ਵਿਰੁੱਧ ਟਰੱਸਟ ਦੇ ਨਾਮ ਜ਼ਮੀਨ ਖਰੀਦਣ 'ਚ ਹੇਰਾਫੇਰੀ ਕਰਨ, ਧੋਖਾਧੜੀ ਕਰਨ, ਫੰਡਾਂ ਦੀ ਦੁਰਵਰਤੋਂ ਕਰਨ ਤੇ ਘਪਲੇਬਾਜ਼ੀ ਕਰਨ ਜਿਹੇ ਗੰਭੀਰ ਦੋਸ਼ ਲਗਾਏ ਗਏ ਸਨ।ਉਕਤ ਦੋਸ਼ਾਂ ਦੀ ਪੜਤਾਲ ਵੱਖ-ਵੱਖ ਪੁਲਸ ਅਧਿਕਾਰੀਆਂ ਵੱਲੋਂ ਕੀਤੀ ਗਈ, ਜਿਸ ਦੇ ਮੱਦੇਨਜ਼ਰ ਥਾਣਾ ਫ਼ਤਹਿਗੜ੍ਹ ਸਾਹਿਬ ਵਿਖੇ ਅ/ਧ 420,409,120-ਬੀ ਆਈ.ਪੀ.ਸੀ. ਤਹਿਤ ਦਰਜ ਕੀਤੇ ਗਏ ਮੁਕੱਦਮੇ 'ਚ ਟਰੱਸਟ ਦੇ ਚੇਅਰਮੈਨ ਨਿਰਮਲ ਸਿੰਘ ਐੱਸ. ਐੱਸ., ਸੁਖਦੇਵ ਸਿੰਘ, ਬਲਦੇਵ ਸਿੰਘ, ਤਰਵਿੰਦਰ ਸਿੰਘ ਵਾਸੀਆਨ ਲੁਧਿਆਣਾ, ਗੁਰਦੇਵ ਸਿੰਘ ਵਾਸੀ ਪਿੰਡ ਬਡਰੁੱਖਾਂ, ਰਾਜ ਕੁਮਾਰ ਵਾਸੀ ਪਾਤੜਾਂ, ਹਰਨੇਕ ਸਿੰਘ ਵਾਸੀ ਪਟਿਆਲਾ, ਜੈ ਕ੍ਰਿਸ਼ਨ, ਬਲਵੀਰ ਸਿੰਘ ਵਾਸੀ ਖੰਨਾ ਖੁਰਦ, ਜਸਪਾਲ ਸਿੰਘ ਵਾਸੀ ਨਾਭਾ, ਬਨਾਰਸੀ ਦਾਸ ਤੇ ਕੁਲਦੀਪ ਸਿੰਘ ਵਾਸੀਆਨ ਸਰਹਿੰਦ ਨੂੰ ਨਾਮਜ਼ਦ ਕਰਕੇ ਥਾਣਾ ਫ਼ਤਹਿਗੜ੍ਹ ਸਾਹਿਬ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।ਜ਼ਿਕਰਯੋਗ ਹੈ ਕਿ ਕੁਝ ਸਮਾਂ ਪਹਿਲਾਂ ਪੰਜਾਬ ਅਗੇਂਸਟ ਕੁਰੱਪਸ਼ਨ ਦੇ ਮੁਖੀ ਸਤਨਾਮ ਸਿੰਘ ਦਾਊਂ ਤੇ ਬਲਵੀਰ ਸਿੰਘ ਨੇ ਪ੍ਰੈੱਸ ਕਾਨਫਰੰਸ ਕਰਕੇ ਉਪਰੋਕਤ ਸੰਸਥਾ ਦੇ ਚੇਅਰਮੈਨ ਤੇ ਕਈ ਅਹੁਦੇਦਾਰਾਂ ਖਿਲਾਫ ਸੰਸਥਾ ਉੱਪਰੇ ਗੈਰਕਾਨੂੰਨੀ ਢੰਗ ਨਾਲ ਕਾਬਜ਼ ਹੋਣ ਤੇ ਫੰਡਾਂ ਦੀ ਦੁਰਵਰਤੋਂ ਕਰਨ ਦੇ ਗੰਭੀਰ ਦੋਸ਼ ਲਗਾਏ ਸਨ।ਉਪਰਕੋਤ ਦੋਸ਼ਾਂ ਸਬੰਧੀ ਜਦੋਂ ਚੇਅਰਮੈਨ ਨਿਰਮਲ ਸਿੰਘ ਐੱਸ. ਐੱਸ. ਨੂੰ ਫੋਨ ਕਰਕੇ ਪੱਖ ਜਾਨਣ ਦੀ ਕੋਸ਼ਿਸ਼ ਕੀਤੀ ਗਈ ਤਾਂ ਉਨ੍ਹਾ ਕਿਹਾ ਕਿ ਉਹ ਇਸ ਵਿਸ਼ੇ 'ਤੇ ਹਾਲੇ ਕੁਝ ਨਹੀਂ ਕਹਿਣਾ ਚਾਹੁੰਦੇ।

ਮਰਹੂਮ ਕਹਾਣੀਕਾਰ ਸੁਖਜੀਤ ਯਾਦਗਾਰੀ ਸਾਹਿਤ ਸਮਾਗਮ 'ਚ ਜੁੜੀਆਂ ਸਾਹਿਤਕ ਸ਼ਖ਼ਸੀਅਤਾਂ

ਸਮਰਾਲਾ (ਸੁਰਜੀਤ ਸਿੰਘ)

ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਤੇ ਸਾਹਿਤ ਸਭਾ (ਰਜਿ:) ਦੇ ਚੇਅਰਮੈਨ ਕਹਾਣੀਕਾਰ ਸਵ: ਸੁਖਜੀਤ ਦੀ ਯਾਦ ਨੂੰ ਸਮਰਪਤ 'ਯਾਦਾਂ ਸੁਖਜੀਤ ਦੀਆਂ' ਸਮਾਗਮ ਸਰਕਾਰੀ ਸੀਨੀ: ਸੈਕੰ: ਸਕੂਲ (ਲੜਕੇ) ਵਿਖੇ ਸਭਾ ਦੇ ਪ੍ਰਧਾਨ ਐਡਵੋਕੇਟ ਨਰਿੰਦਰ ਸ਼ਰਮਾ ਦੀ ਪ੍ਰਧਾਨਗੀ ਹੇਠ ਕਰਾਇਆ ਗਿਆ, ਜਿਸ ਵਿੱਚ ਕਹਾਣੀਕਾਰ ਸੁਖਜੀਤ ਦੇ ਪਰਵਾਰ ਜਿਨ੍ਹਾਂ ਵਿੱਚ ਉਨ੍ਹਾਂ ਦੀ ਧਰਮਪਤਨੀ ਗੁਰਦੀਪ ਕੌਰ ਪੁੱਤਰੀ ਜਪੁਜੀ ਅਤੇ ਭਰਾ ਊਧਮ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਡਾ. ਗੁਰਭਜਨ ਸਿੰਘ ਗਿੱਲ ਦੁਆਰਾ ਕੀਤੀ ਗਈ।ਸਮਾਗਮ ਦੀ ਸ਼ੁਰੂਆਤ ਸਵ: ਸੁਖਜੀਤ ਨੂੰ ਦੋ ਮਿੰਟ ਦਾ ਮੌਨ ਧਾਰ

20-March-PAGE-3.qxd 3/19/2024 11:00 PM Page 1

ਪ੍ਰਾਈਵੇਟ ਸਕੂਲਾਂ ਖਿਲਾਫ਼ ਨੈਸ਼ਨਲ ਯੂਥ ਪਾਰਟੀ ਦਾ ਹੱਲਾ ਬੋਲ ਐਕਸ਼ਨ !

* 8 ਫੀਸਦੀ ਤੈਅਸ਼ੁਦਾ ਫੀਸਾਂ ਤੋਂ ਵੱਧ ਵਸੂਲੀ ਕਰਨ ਵਾਲੇ ਸਕੂਲਾਂ ਖਿਲਾਫ ਮੋਰਚੇ ਦਾ ਐਲਾਨ

ਬਾਬਾ ਬਕਾਲਾ ਸਾਹਿਬ :(ਨਿਰਮਲ ਸਿੰਘ ਸੰਧਾ)- ਪੰਜਾਬ 'ਚ ਗੈਰ-ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਵੱਲੋਂ 8 ਫੀਸਦੀ ਤੈਅਸ਼ੁਦਾ ਫੀਸਾਂ ਤੋਂ ਜ਼ਿਆਦਾ ਵਸੂਲੀ ਕਰਨ ਵਾਲਿਆਂ ਸਕੂਲਾਂ ਵਿਰੁੱਧ ਨੈਸ਼ਨਲ ਯੂਥ ਪਾਰਟੀ ਪੰਜਾਬ ਨੇ ਹੱਲਾ ਬੋਲ ਐਕਸ਼ਨ ਦਾ ਐਲਾਨ ਕਰ ਦਿੱਤਾ ਹੈ ।ਪੰਜਾਬ ਦੇ ਸਮੂਹ ਮਾਪਿਆਂ ਅਤੇ ਬੱਚਿਆਂ ਦੇ ਹੱਕ 'ਚ ਖੜਦਿਆਂ ਪੰਜਾਬ ਸਰਕਾਰ ਦੁਆਰਾ ਬਣਾਏ ਕਾਨੂੰਨ ਦੀ ਹਿਮਾਇਤ 'ਚ ਹਾਅ ਦਾ ਨਾਅਰਾ ਮਾਰਦਿਆਂ ਨੈਸ਼ਨਲ ਯੂਥ ਪਾਰਟੀ ਪੰਜਾਬ ਦੇ ਪ੍ਰਧਾਨ ਸਤਨਾਮ ਸਿੰਘ ਗਿੱਲ ਨੇ ਪੱਤਰਕਾਰ ਸੰਮੇਲਨ 'ਚ ਕਿਹਾ ਕਿ ਸਾਲ 2024-25 ਦੇ ਅਕਾਦਮਿਕ ਦਾਖਲਿਆਂ ਦੇ ਸ਼ੁਰੂ ਹੋਣ ਵਾਲੇ ਸੈਸ਼ਨ 'ਚ ਨੈਸ਼ਨਲ ਯੂਥ ਪਾਰਟੀ ਪੰਜਾਬ ਨੇ ਮਾਪਿਆਂ ਦੀ ਆਰਥਿਕ ਲੁੱਟ-ਖਸੁੱਟ ਨਹੀਂ ਹੋਣ ਦੇਣਗੇ।ਉਨ੍ਹਾਂ ਨੇ ਕਿਹਾ ਕਿ ਅਸੀਂ ਮਾਪਿਆਂ, ਸੰਸਥਾਵਾਂ, ਕਿਸਾਨ, ਜਥੇਬੰਦੀਆਂ, ਕਮਿਊਨਿਸਟ ਪਾਰਟੀਆਂ ਨੂੰ ਅਪੀਲ ਕਰਦੇ ਹਾਂ ਕਿ ਜਿਹੜਾ ਮਾਨਤਾ ਪ੍ਰਾਪਤ ਸਕੂਲ ਸਰਕਾਰ ਦੀ ਅਤੇ ਵਿਭਾਗੀ ਨਿਰਦੇਸ਼ਾਂ ਅਨੁਸਾਰ ਦਾਖਲੇ ਦੇ 30 ਦਿਨ ਪਹਿਲਾਂ ਅੱਠ ਫੀਸਦੀ ਹਿਸਾਬ ਨਾਲ ਤੈਅਸ਼ੁਦਾ ਪਿਛਲੇ ਸਾਲ ਮਾਪਿਆਂ ਤੋਂ ਵਸੂਲੀਆਂ ਫੀਸਾਂ ਦੇ ਵੇਰਵੇ ਜਨਤਕ ਤੌਰ 'ਤੇ ਨੋਟਿਸ ਬੋਰਡ 'ਤੇ ਨਹੀਂ ਲਾਵੇਗਾ ਉਨ੍ਹਾਂ ਸਕੂਲਾਂ 'ਚ ਇੱਕ ਵੀ ਬੱਚਾ ਦਾਖਲ ਨਹੀ ਹੋਣ ਦਿੱਤਾ ਜਾਵੇਗਾ।ਉਨ੍ਹਾਂ ਨੇ ਕਿਹਾ ਕਿ ਨੈਸ਼ਨਲ ਯੂਥ ਪਾਰਟੀ ਮਾਪਿਆਂ ਨੂੰ ਸਾਲਾਨਾ ਫੀਸਾਂ ਤੋਂ ਵੀ ਪੂਰੀ ਛੋਟ ਦਿਵਾਉਣ ਦੇ ਹੱਕ 'ਚ ਹੈ।ਇੱਕ ਸਵਾਲ ਦੇ ਜਵਾਬ 'ਚ ਉਨ੍ਹਾਂ ਨੇ ਕਿਹਾ ਕਿ ਨੈਸ਼ਨਲ ਯੂਥ ਪਾਰਟੀ ਪੰਜਾਬ ਦੀਆਂ 13 ਸੀਟਾਂ 'ਤੇ ਪੰਜਾਬ ਦੇ ਬੱਚਿਆਂ ਦੇ ਭਵਿੱਖ ਨੂੰ ਸੁਰੱਖਿਤ ਕਰਨ ਅਤੇ ਮਿਆਰੀ ਸਿੱਖਿਆ ਨੂੰ ਯਕੀਨੀ ਬਣਾਉਣ ਲਈ ਅਤੇ ਸਰਕਾਰੀ ਸਿੱਖਿਆ ਪ੍ਰਣਾਲੀ ਨੂੰ ਹਾਣ ਦਾ ਬਣਾਉਣ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਸਕੂਲਾਂ ਨੂੰ ਬੰਦ ਕਰਵਾਉਣ ਦੇ ਨਾਂ 'ਤੇ ਚੋਣ ਲੜ ਰਹੀ ਹੈ।ਉਨ੍ਹਾਂ ਨੇ ਕਿਹਾ ਕਿ ਕੇ ਸੱਤਾ 'ਤੇ ਕਾਬਜ਼ ਰਹੀਆਂ ਰਾਜਸੀ ਧਿਰਾਂ ਦੀ ਨੀਅਤ ਖੋਟੀ ਹੋਣ ਕਰਕੇ ਰਾਈਟ ਟੂ ਐਜੂਕੇਸ਼ਨ ਐਕਟ 2009 'ਚ ਪਾਸ ਕੀਤੇ ਕਾਨੂੰਨ ਨੂੰ ਲਾਗੂ ਨਾ ਕਰਕੇ ਪੰਜਾਬ ਦੇ 10 ਲੱਖ ਬੱਚਿਆਂ ਦਾ ਪ੍ਰਾਈਵੇਟ ਸਕੂਲ ਵਾਲਿਆਂ ਨੇ ਬੌਧਿਕ ਨਸਲਕੁਸ਼ੀ ਕਰਨ ਦੇ ਨਾਲ ਨਾਲ ਵਿਆਪਕ ਪੱਧਰ 'ਤੇ ਬਾਲਾਂ ਦੇ ਅਧਿਕਾਰਾਂ ਦਾ ਹਨਨ ਵੀ ਕੀਤਾ ਹੈ।ਸਿੱਖਿਆ ਨੂੰ ਸੰਵਿਧਾਨ ਦੀ 86ਵੀਂ ਸੋਧ ਦੇ ਦੌਰਾਨ ਮੌਲਿਕ ਅਧਿਕਾਰ ਦਾ ਦਰਜਾ ਮਿਲ ਚੁੱਕਾ ਹੈ, ਪਰ ਪੰਜਾਬ ਸਰਕਾਰ ਅਤੇ ਸਕੂਲ ਵਾਲਿਆਂ ਨੇ ਲੋੜਵੰਦ ਬੱਚਿਆਂ ਨੂੰ ਫਰੀ ਆਫ ਕੌਸਟ ਐਜੂਕੇਸ਼ਨ ਨਾ ਦੇ ਕੇ ਅਧਿਕਾਰਾਂ ਦਾ ਵੀ ਹਨਨ ਕੀਤਾ ਹੈ ਅਤੇ ਐਕਟ ਦੀ ਵੀ ਉਲੰਘਣਾ ਕੀਤੀ ਹੈ।ਇਸ ਕਰਕੇ ਦੋਵੇਂ ਧਿਰਾਂ ਇਸ ਵੇਲੇ ਸਵਾਲਾਂ ਦੇ ਕਟਹਿਰੇ 'ਚ ਖੜੀਆਂ ਹੋ ਚੁੱਕੀਆਂ ਹਨ ।ਇਸ ਮੌਕੇ ਪੀਆਰਓ ਅੰਮ੍ਰਿਤਪਾਲ ਸਿੰਘ ਸ਼ਾਹਪੁਰ, ਪੀਏ ਗੁਰਪ੍ਰੀਤ ਸਿੰਘ ਖਾਲਸਾ, ਜਸ਼ਨਦੀਪ ਸਿੰਘ ਖਾਨਪੁਰ ਆਦਿ ਹਾਜ਼ਰ ਸਨ।

ਕਸਬਾ ਕਾਹਨੂੰਵਾਨ ਤੋਂ 'ਆਪ' ਵੱਲੋਂ ਚੋਣ ਮੁਹਿੰਮ ਦੀ ਧਮਾਕੇਦਾਰ ਸ਼ੁਰੂਆਤ

* ਵੱਡੀ ਲੀਡ ਨਾਲ ਜਿੱਤੇਗਾ ਆਮ ਆਦਮੀ ਪਾਰਟੀ ਦਾ ਉਮੀਦਵਾਰ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਕਸਬਾ ਕਾਹਨੂੰਵਾਨ ਵਿਖੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਲਵਕੇਸ਼ ਕੁਮਾਰ ਦੇਵਗਨ ਅਤੇ ਬਲਾਕ ਸੋਸ਼ਲ ਮੀਡੀਆ ਇੰਚਾਰਜ ਪਰਮਿੰਦਰਜੀਤ ਸਿੰਘ ਦੀ ਅਗਵਾਈ ਵਿੱਚ ਆਮ ਆਦਮੀ ਪਾਰਟੀ ਦੇ ਦਰਜਾ ਬਦਰਜਾ ਅਹੁਦੇਦਾਰਾਂ ਤੇ ਵਲੰਟੀਅਰਾਂ ਦੀ ਮੀਟਿੰਗ ਕਸਬਾ ਕਾਹਨੂੰਵਾਨ ਦੇ ਸਰਪੰਚ ਠਾਕੁਰ ਆਫਤਾਬ ਸਿੰਘ ਦੇ ਦਫ਼ਤਰ ਵਿੱਚ ਹੋਈ।ਇਸ ਮੀਟਿੰਗ ਦੇ ਦੌਰਾਨ ਆਮ ਆਦਮੀ ਪਾਰਟੀ ਦੇ ਟਰਾਂਸਪੋਰਟ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਤੇ ਵਿਧਾਨ ਸਭਾ ਹਲਕਾ ਕਾਦੀਆਂ ਦੇ ਬਲਾਕ ਪਰਭਾਰੀ ਰਕੇਸ਼ ਕੁਮਾਰ ਤੁਲੀ ਵਿਸ਼ੇਸ਼ ਰੂਪ ਵਿੱਚ ਸ਼ਾਮਿਲ ਹੋਏ।ਇਸ ਮੀਟਿੰਗ ਦੌਰਾਨ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਲਵਕੇਸ਼ ਕੁਮਾਰ ਦੇਵਗਨ ਵੱਲੋਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਆਮ ਆਦਮੀ ਪਾਰਟੀ ਵੱਲੋਂ ਲੋਕ ਹਿੱਤ ਵਿੱਚ ਕੀਤੇ ਜਾ ਰਹੇ ਵੱਖ-ਵੱਖ ਕੰਮਾਂ ਅਤੇ ਨੀਤੀਆਂ ਨੂੰ ਘਰ-ਘਰ ਪਹੁੰਚਾ ਕੇ ਸੰਸਦੀ ਹਲਕਾ ਗੁਰਦਾਸਪੁਰ ਤੋਂ ਆਮ ਆਦਮੀ ਪਾਰਟੀ ਦੇ ਮੈਂਬਰ ਪਾਰਲੀਮੈਂਟ ਦੇ ਉਮੀਦਵਾਰ ਨੂੰ ਭਾਰੀ ਬਹੁਮਤ ਨਾਲ ਜਿਤਾ ਕੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਗਏ ਸੰਸਦ ਵਿੱਚ ਭਗਵੰਤ ਮਾਨ ਦੇ ਹੋ ਕੇ ਨੂੰ ਪੂਰੀ ਦ੍ਰਿੜ੍ਹਤਾ ਦੇ ਨਾਲ ਪੂਰਾ ਕੀਤਾ ਜਾਏਗਾ। ਆਮ ਆਦਮੀ ਪਾਰਟੀ ਦੇ ਵਿਧਾਨ ਸਭਾ ਹਲਕਾ ਕਾਦੀਆਂ ਦੇ ਬਲਾਕ ਸੋਸ਼ਲ ਮੀਡੀਆ ਇੰਚਾਰਜ ਪਰਮਿੰਦਰਜੀਤ ਸਿੰਘ ਸੈਣੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਮੁਫਤ ਬਿਜਲੀ ਅਤੇ ਘਰ-ਘਰ ਆਟਾ ਪਹੁੰਚਾਉਣ ਦੀ ਸਕੀਮ ਲੋਕਾਂ ਨੂੰ ਬਹੁਤ ਹੀ ਪਸੰਦ ਆ ਰਹੀ ਹੈ ਤੇ ਇਸ ਵਾਰ ਲੋਕ ਆਮ ਆਦਮੀ ਪਾਰਟੀ ਦੇ ਉਮੀਦਵਾਰਾਂ ਨੂੰ ਜਿਤਾਉਣ ਦਾ ਪੂਰਾ ਮਨ ਬਣਾ ਚੁੱਕੇ ਹਨ। ਸਰਪੰਚ ਠਾਕੁਰ ਆਫਤਾਬ ਸਿੰਘ ਨੇ ਦੱਸਿਆ ਕਿ ਕਸਬਾ ਕਾਹਨੂੰਵਾਨ ਵਿੱਚ ਆਮ ਆਦਮੀ ਪਾਰਟੀ ਦੀ ਪੂਰੀ ਲਹਿਰ ਚੱਲ ਰਹੀ ਹੈ।ਇਸ ਸਮੇਂ ਮੈਂਬਰਾਂ ਵਿੱਚ ਸਾਬਕਾ ਸਰਪੰਚ ਪਵਨ ਠਾਕੁਰ, ਪਰਦੀਪ ਠਾਕੁਰ, ਲਖਬੀਰ ਠਾਕੁਰ, ਅਮਰਜੀਤ ਠਾਕੁਰ, ਗੋਪਾਲ ਕ੍ਰਿਸ਼ਨ, ਇੰਦਰਪ੍ਰੀਤ ਸਿੰਘ, ਠਾਕੁਰ ਰਾਏ ਸਿੰਘ, ਠਾਕੁਰ ਬਲਵਿੰਦਰ ਸਿੰਘ, ਅਮਰ ਸਿੰਘ, ਸੁੱਚਾ ਸਿੰਘ, ਠਾਕੁਰ ਵਿਪਨ ਸਿੰਘ, ਰਮੇਸ਼ ਕੁਮਾਰ, ਵਿਨੋਦ ਕੁਮਾਰ, ਦਲਬੀਰ ਸਿੰਘ, ਸਤਨਾਮ ਸਿੰਘ, ਸਤਨਾਮ ਸਿੰਘ ਬਾਜਾ, ਹਰਮਨਪਾਲ ਸਿੰਘ, ਸਤਪਾਲ ਸਿੰਘ, ਲੱਕੀ ਠਾਕੁਰ, ਅਰਜੁਨ ਠਾਕੁਰ, ਗੋਗੀ ਠਾਕੁਰ ਹਾਜ਼ਰ ਸਨ ।

ਖੂਨਦਾਨ ਕੈਂਪ ਲਗਾਇਆ

ਮੋਹਾਲੀ (ਗੁਰਜੀਤ ਬਿੱਲਾ) ਹਸਪਤਾਲਾਂ ਵਿੱਚ ਖੂਨ ਦੀ ਕਮੀ ਨੂੰ ਪੂਰਾ ਕਰਨ ਲਈ ਵਿਸ਼ਵਾਸ ਫਾਊਂਡੇਸ਼ਨ, ਐਸ ਡੀ ਐਸ ਫੋਟੋਗ੍ਰਾਫੀ, ਗਲੋਰੀਫਾਈ ਇੰਟਰਨੈਸ਼ਨਲ, ਜੇ ਸ਼ਾਈਨ ਜਵੈਲਰਜ਼ ਅਤੇ ਮੀਡੀਆ ਮੰਤਰ ਪੀਆਰ ਐਂਡ ਐਡਵਰਟਾਈਜ਼ਿੰਗ ਵੱਲੋਂ ਸਾਂਝੇ ਤੌਰ 'ਤੇ ਗੁਲਮੋਹਰ ਸੈਕਟਰ 66ਏ ਮੋਹਾਲੀ ਵਿੱਚ ਖੂਨਦਾਨ ਕੈਂਪ ਲਗਾਇਆ ਗਿਆ।ਇਹ ਕੈਂਪ ਆਇਸ਼ਾ ਸ਼ੇਖ ਦੇ ਜਨਮ ਦਿਨ ਮੌਕੇ ਲਗਾਇਆ ਗਿਆ।ਇਸ ਕੈਂਪ ਵਿੱਚ ਇੰਡੀਅਨ ਰੈੱਡ ਕਰਾਸ ਸੋਸਾਇਟੀ ਜ਼ਿਲ੍ਹਾ ਸ਼ਾਖਾ ਮੋਹਾਲੀ ਦਾ ਅਹਿਮ ਯੋਗਦਾਨ ਰਿਹਾ।ਵਿਸ਼ਵਾਸ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ ਨੇ ਦੱਸਿਆ ਕਿ ਕੈਂਪ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਵਿੱਚ ਆਇਸ਼ਾ ਸ਼ੇਖ ਦੇ ਪਿਤਾ ਦਿਨੇਸ਼ ਸਰਦਾਨਾ, ਮੰਜੂ, ਸਤਵਿੰਦਰ ਪਲਾਹਾ ਅਤੇ ਖੁਸ਼ਬੂ ਦਾ ਸਹਿਯੋਗ ਬਹੁਤ ਹੀ ਸ਼ਲਾਘਾਯੋਗ ਹੈ। ਕੈਂਪ ਵਿੱਚ ਇੰਡੀਅਨ ਰੈੱਡ ਕਰਾਸ ਸੋਸਾਇਟੀ ਜ਼ਿਲ੍ਹਾ ਸ਼ਾਖਾ ਮੋਹਾਲੀ ਦੇ ਸਕੱਤਰ ਹਰਬੰਸ ਸਿੰਘ ਨੇ ਵੀ ਖੂਨਦਾਨੀਆਂ ਨੂੰ ਬੈਜ ਲਗਾ ਕੇ ਉਤਸ਼ਾਹਿਤ ਕੀਤਾ ਅਤੇ ਲੋਕਾਂ ਨੂੰ ਖੂਨਦਾਨ ਕਰਨ ਲਈ ਪ੍ਰੇਰਿਤ ਵੀ ਕੀਤਾ। ਬਲੱਡ ਬੈਂਕ ਹੋਮੀ ਭਾਭਾ ਕੈਂਸਰ ਹਸਪਤਾਲ ਅਤੇ ਖੋਜ ਕੇਂਦਰ, ਨਿਊ ਚੰਡੀਗੜ੍ਹ ਦੀ ਟੀਮ ਨੇ ਡਾ: ਨਵੀਨ ਬਾਂਸਲ ਦੀ ਦੇਖ-ਰੇਖ ਹੇਠ 36 ਯੂਨਿਟ ਖੂਨ ਇਕੱਤਰ ਕੀਤਾ।ਇਸ ਖੂਨਦਾਨ ਕੈਂਪ ਵਿੱਚ ਆਏ ਸਾਰੇ ਖੂਨਦਾਨੀਆਂ ਨੂੰ ਪ੍ਰਸ਼ੰਸਾ ਪੱਤਰ ਅਤੇ ਤੋਹਫੇ ਦੇ ਕੇ ਉਤਸ਼ਾਹਿਤ ਕੀਤਾ ਗਿਆ। ਇਸ ਮੌਕੇ ਵਿਸ਼ਵਾਸ ਫਾਊਂਡੇਸ਼ਨ ਦੇ ਅਨਿਰੁੱਧ ਪਠਾਨੀਆ, ਆਸ਼ਾ ਤੇਜੀ, ਸੁਰਭੀ ਗੁਪਤਾ, ਵਿਕਾਸ ਕੁਮਾਰ, ਸ਼ਤਰੂਘਨ ਕੁਮਾਰ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

ਪੰਡੋਰੀ ਧਾਮ ਨੂੰ ਜਾਣ ਵਾਲੀ ਸੜਕ 'ਤੇ ਬਣ ਰਹੇ ਸਟੀਲ ਬ੍ਰਿਜ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ

ਗੁਰਦਾਸਪੁਰ, (ਜਨਕ ਮਹਾਜਨ)-ਗੁਰਦਾਸਪੁਰ ਤੋਂ ਪੰਡੋਰੀ ਧਾਮ ਨੂੰ ਜਾਣ ਵਾਲੀ ਮੁੱਖ ਸੜਕ 'ਤੇ ਪੈਂਦੇ ਅੱਡਾ ਗਾਜ਼ੀਕੋਟ ਨਹਿਰ ਅਪਰਬਾਰੀ ਦੁਆਬ 'ਤੇ ਪ੍ਰਧਾਨ ਮੰਤਰੀ ਗਰਾਮ ਸੜਕ ਯੋਜਨਾ ਤਹਿਤ 5 ਕਰੋੜ ਰੁਪਏ ਦੀ ਲਾਗਤ ਨਾਲ ਬਣ ਰਹੇ ਸਟੀਲ ਬ੍ਰਿਜ ਪੁਲ ਦਾ ਕੰਮ ਜੰਗੀ ਪੱਧਰ 'ਤੇ ਸ਼ੁਰੂ ਹੋ ਗਿਆ ਹੈ। ਪ੍ਰਸਿੱਧ ਠੇਕੇਦਾਰ ਅਸ਼ਵਨੀ ਵਡੇਰਾ ਨੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੁਲ 'ਤੇ 16 ਪਾਈਲਿੰਗ ਪੈਣਗੇ ਅਤੇ ਦੋਵਾਂ ਸਾਈਡਾਂ 'ਤੇ ਦੋ ਕੈਪ ਸਲੈਬਾਂ ਪਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਲੋਕ ਨਿਰਮਾਣ ਵਿਭਾਗ ਪੰਜਾਬ ਵਲੋਂ ਪੁਲ ਬਣਾਉਣ ਲਈ 1 ਸਾਲ ਦਾ ਸਮਾਂ ਦਿੱਤਾ ਗਿਆ ਹੈ ਜਦੋਂਕਿ ਉਹ ਇਸ ਪੁਲ ਨੂੰ 8 ਮਹੀਨਿਆਂ ਤੋਂ ਪਹਿਲਾਂ ਹੀ ਲੋਕਾਂ ਨੂੰ ਸਮਰਪਿਤ ਕਰ ਦੇਣਗੇ। ਉਨ੍ਹਾਂ ਦੱਸਿਆ ਕਿ ਪੁਲ ਦੀ 70 ਮੀਟਰ ਲੰਬਾਈ ਅਤੇ ਸਾਢੇ 8 ਮੀਟਰ ਚੌੜਾਈ ਹੈ। ਉਨ੍ਹਾਂ ਕਿਹਾ ਲੋਕਾਂ ਨੂੰ ਭਾਵੇਂ ਪੁਲ ਬਣਨ ਕਰਕੇ ਮੁਸ਼ਕਲਾਂ ਪੇਸ਼ ਆ ਰਹੀਆਂ ਹਨ ਪਰ ਇਸ ਦੇ ਸਥਾਈ ਹੱਲ ਨਾਲ ਇਲਾਕੇ ਦੇ ਅਨੇਕਾਂ ਪਿੰਡਾਂ ਨੂੰ ਲਾਭ ਮਿਲੇਗਾ। ਉਨ੍ਹਾਂ ਇਹ ਵੀ ਦੱਸਿਆ ਕਿ ਇਥੇ ਅੰਗਰੇਜ਼ਾਂ ਵੇਲੇ ਦਾ ਬਣਿਆ ਪੁਲ ਇਸ ਸਮੇਂ ਨਾਕਾਰਾ ਹਾਲਤ ਵਿਚ ਸੀ ਅਤੇ ਮਹਿਕਮੇ ਨੇ ਇਸ ਨੂੰ ਅਸੁਰੱਖਿਅਤ ਵੀ ਐਲਾਨਿਆ ਹੋਇਆ ਸੀ ਜਿਸ ਕਰਕੇ ਸਰਕਾਰ ਵਲੋਂ ਇਸ ਪੁਲ ਨੂੰ ਬਣਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਪੁਲ ਦੇ ਬਣਨ ਨਾਲ ਗੁਰਦਾਸਪੁਰ ਤੋਂ ਪਠਾਨਕੋਟ ਅਤੇ ਮੁਕੇਰੀਆਂ ਨੂੰ ਜਾਣ ਲਈ ਲੋਕਾਂ ਨੂੰ ਕਾਫ਼ੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਇਸ ਪੁਲ ਲਈ ਡਿਪਟੀ ਕਮਿਸ਼ਨਰ ਗੁਰਦਾਸਪੁਰ ਅਤੇ ਮਹਿਕਮੇ ਦਾ ਪੂਰਾ ਸਹਿਯੋਗ ਮਿਲ ਰਿਹਾ ਹੈ। ਇਸ ਮੌਕੇ ਉਨ੍ਹਾਂ ਨਾਲ ਕੰਪਨੀ ਦੇ ਹੋਰ ਵੀ ਅਧਿਕਾਰੀ ਹਾਜ਼ਰ ਸਨ।

ਸਰਬੱਤ ਦਾ ਭਲਾ ਵੈੱਲਫੇਅਰ ਸੋਸਾਇਟੀ ਦੀਨਾਨਗਰ ਵੱਲੋਂ ਪਰਉਪਕਾਰੀ ਉਪਰਾਲਾ !

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)- ਸਰਬੱਤ ਦਾ ਭਲਾ ਵੈੱਲਫੇਅਰ ਸੋਸਾਇਟੀ ਦੀਨਾਨਗਰ ਨੇ ਸੜਕ ਕਿਨਾਰੇ ਝਾੜੀਆਂ 'ਚ ਪਏ ਵਿਅਕਤੀ ਨੂੰ ਉਸਦੇ ਪਰਿਵਾਰ ਨਾਲ ਮਿਲਾ ਕੇ ਉਸ ਨੂੰ ਨਵੀਂ ਜ਼ਿੰਦਗੀ ਦਿੱਤੀ ਹੈ।ਜ਼ਿਕਰਯੋਗ ਹੈ ਕਿ ਉਕਤ ਵਿਅਕਤੀ ਦੋ, ਚਾਰ ਦਿਨਾਂ ਤੋਂ ਸੜਕ ਦੇ ਕਿਨਾਰੇ ਇਤਲਾਜ਼ ਯੋਗ ਹਾਲਤ 'ਚ ਪਿਆ ਹੋਇਆ ਸੀ ਅਤੇ ਆਸ ਪਾਸ ਤੇ ਢਾਬੇ ਵਾਲੇ ਰਾਤ ਦੇ ਸਮੇਂ ਉਸ ਨੂੰ ਗਰਮ ਕੱਪੜੇ ਨਾਲ ਢੱਕ ਜਾਂਦੇ ਸਨ।ਜਾਣਕਾਰੀ ਦਿੰਦੇ ਹੋਏ ਸਰਬੱਤ ਦਾ ਭਲਾ ਵੈੱਲਫੇਅਰ ਸੁਸਾਇਟੀ ਦੀਨਾਨਗਰ ਦੇ ਪ੍ਰਧਾਨ ਬਚਿੱਤਰ ਸਿੰਘ ਬਿੱਕਾ ਨੇ ਕਿਹਾ ਕਿ ਦੋ ਦਿਨ ਪਹਿਲਾਂ ਇਕ ਵਿਅਕਤੀ ਦਾ ਫੋਨ ਆਇਆ ਕਿ ਇਕ ਨੌਜਵਾਨ ਦੀਨਾਨਗਰ ਪਠਾਨਕੋਟ ਟੋਲਪਲਾਜ਼ਾ ਕੋਲ ਸੜਕ ਦੇ ਕਿਨਾਰੇ ਝਾੜੀਆਂ ਵਿੱਚ ਪਿਆ ਹੋਇਆ ਹੈ ਅਤੇ ਉਹ ਵਿਅਕਤੀ ਦਿਮਾਗ਼ੀ ਹਾਲਤ ਤੋਂ ਠੀਕ ਨਹੀਂ ਲੱਗਦਾ । ਇਸ ਗੱਲ ਦਾ ਪਤਾ ਲੱਗਣ 'ਤੇ ਸਾਡੀ ਸਾਰੀ ਟੀਮ ਮੌਕੇ 'ਤੇ ਉਸ ਜਗ੍ਹਾ ਪਹੁੰਚ ਗਈ ਪਹੁੰਚ ਕੇ ਦੇਖਿਆ ਤਾਂ ਨੌਜਵਾਨ ਦੀ ਹਾਲਤ ਖ਼ਰਾਬ ਹੋਈ ਪਈ ਸੀ।ਉਸ ਵਿਅਕਤੀ ਦੇ ਕੱਪੜੇ ਵੀ ਗੰਦਗੀ ਨਾਲ ਲਿੱਬੜੇ ਹੋਏ ਸਨ। ਉਸ ਵਿਅਕਤੀ ਨੂੰ ਓਥੇ ਇਕ ਢਾਬੇ ਦੇ ਬਾਹਰ ਇਸ਼ਨਾਨ ਕਰਵਾ ਕੇ ਨਵੇਂ ਕੱਪੜੇ ਪਹਿਨਾਏ।ਉਸ ਤੋਂ ਬਾਅਦ ਵਿਅਕਤੀ ਦੀ ਦੇਖਰੇਖ ਲਈ ਸਰਬੱਤ ਦਾ ਭਲਾ ਵੈੱਲਫੇਅਰ ਸੋਸਾਇਟੀ ਦੀਨਾਨਗਰ ਦੀ ਟੀਮ ਨੇ ਆਪਣੇ ਆਸ਼ਰਮ ਵਿਚ ਲੈ ਆਂਦਾ।ਸੁਸਾਇਟੀ ਦੇ ਸੇਵਾਦਾਰਾਂ ਸੰਯੋਗ ਨਾਲ ਉਸਦੇ ਪਰਿਵਾਰਕ ਮੈਂਬਰਾਂ ਦੀ ਭਾਲ ਕਰਨੀ ਸ਼ੁਰੂ ਕੀਤੀ ਤਾਂ ਪਤਾ ਲੱਗਿਆ ਕਿ ਉਹ ਵਿਅਕਤੀ ਹਰਿਆਣਾ ਜ਼ਿਲ੍ਹਾ ਕਰਨਾਲ ਦਾ ਰਹਿਣ ਵਾਲਾ ਹੈ।ਫਿਰ ਉਸਦੇ ਪਰਿਵਾਰ ਨਾਲ ਸੰਪਰਕ ਕੀਤਾ ਗਿਆ ਅਤੇ ਉਸ ਦਾ ਛੋਟੇ ਭਰਾ ਨੂੰ ਸਰਬੱਤ ਦਾ ਭਲਾ ਵੈੱਲਫੇਅਰ ਸੋਸਾਇਟੀ ਦੀਨਾਨਗਰ ਬੁਲਾ ਕੇ ਉਸਨੂੰ ਉਸ ਦਾ ਵੱਡਾ ਭਰਾ ਸੌਂਪਿਆ ਗਿਆ।ਇਸ ਮੌਕੇ ਸੇਵਾਦਾਰ ਵਿਵੇਕ ਸੈਣੀ, ਸੇਵਾਦਾਰ ਸਾਹਿਲ, ਸੇਵਾਦਾਰ ਸੇਠੀ ਬਾਜਵਾ, ਸੇਵਾਦਾਰ ਸਬੀ, ਸੇਵਾਦਾਰ ਸੰਦੀਪ, ਸੇਵਾਦਾਰ ਗੋਰਾ ਆਦਿ ਹਾਜ਼ਰ ਸਨ।

ਜਲੰਧਰ ਚੋਣਾਂ ਦੌਰਾਨ ਸਿਆਸੀ ਪਾਰਟੀਆਂ ਤੇ ਉਮੀਦਵਾਰਾਂ ਨੂੰ ਪ੍ਰਵਾਨਗੀਆਂ ਦੇਣ ਲਈ ਸਿੰਗਲ ਵਿੰਡੋ ਸਿਸਟਮ ਸਥਾਪਤ

ਜਲੰਧਰ, (ਸੁਰਿੰਦਰ ਕੁਮਾਰ)- ਜ਼ਿਲ੍ਹਾ ਚੋਣ ਅਫ਼ਸਰ ਵਿਸ਼ੇਸ਼ ਸਾਰੰਗਲ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ 'ਤੇ ਅਗਾਮੀ ਲੋਕ ਸਭਾ ਚੋਣਾਂ-2024 ਦੌਰਾਨ ਵੱਖ-ਵੱਖ ਸਿਆਸੀ ਪਾਰਟੀਆਂ ਅਤੇ ਉਮੀਦਵਾਰਾਂ ਨੂੰ ਚੋਣ ਸਰਗਰਮੀਆਂ ਲਈ ਨਾਨ ਕਮਰਸ਼ੀਅਲ ਏਅਰਪੋ

20-March-PAGE-4.qxd 3/19/2024 11:13 PM Page 1

ਨਵਾਂ ਜ਼ਮਾਨਾ
ਬੁੱਧਵਾਰ, 20 ਮਾਰਚ 2024

ਸਟੇਟ ਬੈਂਕ ਦੇ ਪੈਂਤੜੇ

ਚੋਣ ਬਾਂਡ ਦੇ ਘਪਲੇ ਸੰਬੰਧੀ ਹੁਣ ਤੱਕ ਜਿਸ ਤਰ੍ਹਾਂ ਜਾਣਕਾਰੀ ਦੇਣ ਬਾਰੇ ਸਟੇਟ ਬੈਂਕ ਆਨਾਕਾਨੀ ਕਰਦਾ ਰਿਹਾ ਹੈ, ਉਸ ਤੋਂ ਸਾਫ਼ ਹੋ ਜਾਂਦਾ ਹੈ ਕਿ ਸੱਤਾਧਾਰੀਆਂ ਨੇ ਸਮੁੱਚੇ ਲੋਕਤੰਤਰੀ ਢਾਂਚੇ ਨੂੰ ਆਪਣੀ ਬਾਂਦੀ ਬਣਾ ਕੇ ਰੱਖਿਆ ਹੋਇਆ ਹੈ। ਈ ਡੀ, ਸੀ ਬੀ ਆਈ ਤੇ ਆਈ ਟੀ ਵਿਭਾਗਾਂ ਦੀ ਕਾਰਗੁਜ਼ਾਰੀ ਤਾਂ ਸ਼ੁਰੂ ਤੋਂ ਸਪੱਸ਼ਟ ਹੋ ਗਈ ਸੀ ਕਿ ਉਹ ਹੁਣ ਅਜ਼ਾਦ ਸੰਸਥਾਵਾਂ ਦੀ ਥਾਂ ਹਾਕਮਾਂ ਦੀਆਂ ਸੇਵਾਦਾਰ ਬਣ ਚੁੱਕੀਆਂ ਹਨ, ਪਰ ਜਨਤਕ ਖੇਤਰ ਦੀ ਸੰਸਥਾ ਸਟੇਟ ਬੈਂਕ ਵੀ ਉਸੇ ਰਾਹ ਪੈ ਜਾਵੇਗੀ, ਇਸ ਉੱਤੇ ਯਕੀਨ ਨਹੀਂ ਸੀ।

ਪਿਛਲੇ ਮਹੀਨੇ ਸੁਪਰੀਮ ਕੋਰਟ ਨੇ ਚੋਣ ਬਾਂਡ ਸਕੀਮ ਨੂੰ ਰੱਦ ਕਰਦਿਆਂ ਐੱਸ ਬੀ ਆਈ ਨੂੰ ਕਿਹਾ ਸੀ ਕਿ ਉਹ 6 ਮਾਰਚ ਤੱਕ ਚੋਣ ਬਾਂਡਾਂ ਸੰਬੰਧੀ ਸਾਰੇ ਵੇਰਵੇ ਚੋਣ ਕਮਿਸ਼ਨ ਨੂੰ ਸੌਂਪ ਦੇਵੇ। ਇਸ ਦੇ ਨਾਲ ਹੀ ਚੋਣ ਕਮਿਸ਼ਨ ਨੂੰ ਆਦੇਸ਼ ਦਿੱਤਾ ਸੀ ਕਿ ਉਹ 13 ਮਾਰਚ ਤੱਕ ਸਾਰਾ ਡਾਟਾ ਆਪਣੀ ਵੈੱਬਸਾਈਟ ਉੱਤੇ ਪ੍ਰਕਾਸ਼ਤ ਕਰੇ। ਮੋਦੀ ਸਰਕਾਰ ਲਈ ਇਹ ਵੱਡਾ ਝਟਕਾ ਸੀ। ਚੋਣਾਂ ਤੋਂ ਪਹਿਲਾਂ ਇਹ ਘਪਲਾ ਜਨਤਾ ਦੇ ਸਾਹਮਣੇ ਨਾ ਆਵੇ, ਐੱਸ ਬੀ ਆਈ ਨੇ 4 ਮਾਰਚ ਨੂੰ ਸੁਪਰੀਮ ਕੋਰਟ ਵਿੱਚ ਦਰਖਾਸਤ ਦੇ ਦਿੱਤੀ ਕਿ ਉਸ ਨੂੰ 30 ਜੂਨ ਤੱਕ ਦੀ ਮੋਹਲਤ ਦਿੱਤੀ ਜਾਵੇ। ਇਸ ਉੱਤੇ ਸੁਪਰੀਮ ਕੋਰਟ ਨੇ ਸਖਤ ਰੁਖ ਅਪਣਾਉਂਦਿਆਂ ਕਿਹਾ ਕਿ ਇਹ ਗੱਲ ਮੰਨੀ ਨਹੀਂ ਜਾ ਸਕਦੀ, ਇਸ ਲਈ ਅਗਲੇ ਦਿਨ 7 ਮਾਰਚ 5 ਵਜੇ ਤੱਕ ਹਰ ਹਾਲਤ ਸਾਰੇ ਵੇਰਵੇ ਚੋਣ ਕਮਿਸ਼ਨ ਨੂੰ ਸੌਂਪੇ ਜਾਣ, ਨਹੀਂ ਤਾਂ ਉਸ ਵਿਰੁੱਧ ਅਦਾਲਤ ਦੀ ਮਾਣਹਾਨੀ ਦਾ ਮੁਕੱਦਮਾ ਚੱਲੇਗਾ।

ਇਸ ਤੋਂ ਬਾਅਦ ਮਜਬੂਰਨ ਐੱਸ ਬੀ ਆਈ ਨੂੰ ਡਾਟਾ ਚੋਣ ਕਮਿਸ਼ਨ ਨੂੰ ਦੇਣਾ ਪਿਆ। ਇਸ ਮੌਕੇ ਵੀ ਐੱਸ ਬੀ ਆਈ ਨੇ ਸੱਤਾਧਾਰੀਆਂ ਦੇ ਭ੍ਰਿਸ਼ਟਾਚਾਰ ਨੂੰ ਲਕੋਣ ਲਈ ਚੋਣ ਬਾਂਡਾਂ ਦੇ ਯੂਨੀਕ ਨੰਬਰ ਚੋਣ ਕਮਿਸ਼ਨ ਨੂੰ ਨਾ ਦਿੱਤੇ, ਤਾਂ ਕਿ ਕਿਸ ਕੰਪਨੀ ਨੇ ਕਿਸ ਨੂੰ ਚੰਦਾ ਦਿੱਤਾ ਹੈ, ਇਹ ਪਤਾ ਨਾ ਲੱਗੇ। ਐੱਸ ਬੀ ਆਈ ਨੇ ਇੱਕ ਹੋਰ ਚਲਾਕੀ ਕੀਤੀ ਕਿ 12 ਅਪ੍ਰੈਲ 2019 ਤੋਂ ਪਹਿਲਾਂ ਇੱਕ ਸਾਲ ਦੌਰਾਨ ਖਰੀਦੇ ਗਏ ਬਾਂਡਾਂ ਦੀ ਜਾਣਕਾਰੀ ਮੁਹੱਈਆ ਨਾ ਕਰਾਈ।

18 ਮਾਰਚ ਨੂੰ ਕੇਸ ਦੀ ਮੁੜ ਸੁਣਵਾਈ ਸਮੇਂ ਸੁਪਰੀਮ ਕੋਰਟ ਨੇ ਸਖ਼ਤ ਝਾੜ ਪਾਉਂਦਿਆਂ ਐੱਸ ਬੀ ਆਈ ਨੂੰ ਕਿਹਾ ਕਿ ਉਸ ਨੇ ਚੋਣ ਬਾਂਡਾਂ ਦਾ ਯੂਨੀਕ ਨੰਬਰ ਦਾ ਡਾਟਾ ਚੋਣ ਕਮਿਸ਼ਨ ਨੂੰ ਕਿਉਂ ਨਹੀਂ ਦਿੱਤਾ, ਇਹ ਹਰ ਹਾਲਤ 'ਚ 21 ਮਾਰਚ ਤੱਕ ਚੋਣ ਕਮਿਸ਼ਨ ਨੂੰ ਦਿੱਤਾ ਜਾਵੇ।

ਇਹੋ ਨਹੀਂ, ਇਸ ਦੌਰਾਨ ਐੱਸ ਬੀ ਆਈ ਨੇ ਭਾਰਤੀ ਜਨਤਾ ਪਾਰਟੀ ਦੇ ਅਜਿਹੇ ਚੋਣ ਬਾਂਡਾਂ ਨੂੰ ਵੀ ਕੈਸ਼ ਕਰ ਦਿੱਤਾ, ਜਿਨ੍ਹਾਂ ਦੀ ਮਿਆਦ ਪੁੱਗ ਚੁੱਕੀ ਸੀ। ਕਰਨਾਟਕ ਦੀਆਂ 2018 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਮੌਕੇ ਭਾਜਪਾ ਵੱਲੋਂ ਐੱਸ ਬੀ ਆਈ ਦੀ ਨਵੀਂ ਦਿੱਲੀ ਬਰਾਂਚ ਵਿੱਚ 23 ਮਈ 2018 ਨੂੰ ਕੈਸ਼ ਕਰਨ ਲਈ ਚੋਣ ਬਾਂਡ ਜਮ੍ਹਾਂ ਕਰਾਏ ਗਏ। ਇਨ੍ਹਾਂ ਬਾਂਡਾਂ ਦੀ ਖਰੀਦ ਮਿਤੀ 5 ਮਈ 2018 ਸੀ। ਇਸ ਤਰ੍ਹਾਂ ਇਨ੍ਹਾਂ ਦੀ 15 ਦਿਨ ਦੀ ਸਮਾਂ ਹੱਦ ਖ਼ਤਮ ਹੋ ਚੁੱਕੀ ਸੀ। ਬਾਂਡ ਜਮ੍ਹਾਂ ਕਰਾਉਣ ਵਾਲਿਆਂ ਨੇ ਕਿਹਾ ਕਿ ਛੁੱਟੀਆਂ ਕੱਟ ਕੇ ਬਾਂਡ ਖਰੀਦੇ ਜਾਣ ਤੋਂ ਹੁਣ ਤੱਕ 15 ਦਿਨ ਬਣਦੇ ਹਨ। ਐੱਸ ਬੀ ਆਈ ਦੀ ਦਿੱਲੀ ਸ਼ਾਖਾ ਨੇ ਮੁੱਖ ਦਫ਼ਤਰ ਨਾਲ ਸੰਪਰਕ ਕੀਤਾ। ਇਸ ਉੱਤੇ ਬੈਂਕ ਦੇ ਉਪ ਪ੍ਰਬੰਧਕ ਨੇ ਕੇਂਦਰੀ ਵਿੱਤ ਸਕੱਤਰ ਤੋਂ ਇਸ ਬਾਰੇ ਪੁੱਛਿਆ। ਕੇਂਦਰੀ ਵਿਤ ਸਕੱਤਰ ਨੇ ਜਵਾਬ ਦਿੱਤਾ ਕਿ ਨਿਯਮਾਂ ਮੁਤਾਬਕ 15 ਦਿਨਾਂ ਵਿੱਚ ਛੁੱਟੀਆਂ ਵੀ ਸ਼ਾਮਲ ਹਨ, ਇਸ ਲਈ ਚੋਣ ਬਾਂਡਾਂ ਦੀ ਸਮਾਂ ਹੱਦ ਸਮਾਪਤ ਹੋ ਚੁੱਕੀ ਹੈ, ਪਰ ਐੱਸ ਬੀ ਆਈ ਚਾਹੇ ਤਾਂ ਇਸ ਪਾਰਟੀ ਨੂੰ ਛੋਟ ਦਿੱਤੀ ਜਾ ਸਕਦੀ ਹੈ, ਪਰ ਭਵਿੱਖ ਵਿੱਚ ਅਜਿਹਾ ਨਾ ਕੀਤਾ ਜਾਵੇ।

ਉਪਰੋਕਤ ਸਾਰੀਆਂ ਘਟਨਾਵਾਂ ਦੱਸਦੀਆਂ ਹਨ ਕਿ ਇਸ ਸਮੇਂ ਕੇਂਦਰੀ ਹਾਕਮਾਂ ਨੇ ਸਮੁੱਚੀ ਸਰਕਾਰੀ ਮਸ਼ੀਨਰੀ ਨੂੰ ਆਪਣੇ ਕਬਜ਼ੇ ਵਿੱਚ ਲਿਆ ਹੋਇਆ ਹੈ। ਇਹ ਲੋਕਤੰਤਰ ਲਈ ਪੂਰੀ ਤਰ੍ਹਾਂ ਘਾਤਕ ਹੈ। ਇੱਥੋਂ ਹੀ ਸ਼ੁਰੂ ਹੁੰਦਾ ਹੈ ਲੋਕਤੰਤਰ ਦਾ ਤਾਨਾਸ਼ਾਹੀ ਵਿੱਚ ਤਬਦੀਲ ਹੋਣ ਦਾ ਰਾਹ।

ਸਿੱਖਿਆ, ਸਿਹਤ, ਰੁਜ਼ਗਾਰ ਦੇ ਸੰਵਿਧਾਨਕ ਹੱਕ ਬਨਾਮ ਕੁਝ ਮੁਫ਼ਤ ਰਿਐਤਾਂ

ਚਰਨ ਸਿੰਘ ਸਰਾਭਾ

ਨਵੰਬਰ ਮਹੀਨੇ ਭਾਰਤ ਦੇ ਪੰਜ ਸੂਬਿਆਂ ਮੱਧ ਪ੍ਰਦੇਸ਼, ਰਾਜਸਥਾਨ, ਛਤੀਸਗੜ੍ਹ, ਤਿਲੰਗਾਨਾ ਅਤੇ ਮੀਜ਼ੋਰਮ ਦੀਆਂ ਚੋਣਾਂ ਉਪਰੰਤ ਚੋਣ ਨਤੀਜੇ ਵੀ ਸਾਹਮਣੇ ਆ ਚੁੱਕੇ ਸਨ। ਕਿਸੇ ਵੀ ਲੋਕਤੰਤਰਕ ਦੇਸ਼ ਵਿੱਚ ਚੋਣਾਂ ਜਮਹੂਰੀਅਤ ਦਾ ਇੱਕ ਮਹੱਤਵਪੂਰਨ ਪੜਾਅ ਹੁੰਦਾ ਹੈ, ਪਰ ਲੋਕਤੰਤਰ ਵਿੱਚ ਇਸ ਪੜਾਅ ਦੀ ਭੂਮਿਕਾ ਅਤੇ ਗੁਣਾਤਮਕਤਾ ਇਸ ਹਕੀਕਤ ਵਿੱਚੋਂ ਸਪੱਸ਼ਟ ਹੁੰਦੀ ਹੈ ਕਿ ਇਹ ਚੋਣਾਂ ਹੁੰਦੀਆਂ ਕਿਵੇਂ ਹਨ। ਵੋਟਰ ਸਮੂਹਾਂ ਦੀ ਚੇਤਨਤਾ ਅਧਾਰਤ ਸੰਬੰਧਤ ਸਿਆਸੀ ਪਾਰਟੀਆਂ ਅਤੇ ਰਹਿ ਚੁੱਕੀਆਂ ਸਰਕਾਰਾਂ ਦੀ ਕਾਰਕਰਦਗੀ ਦੀ ਹਕੀਕੀ ਪੜਚੋਲ ਅਤੇ ਸਮਾਜਿਕ ਅਤੇ ਕੌਮੀ ਉਦੇਸ਼ ਹੀ ਲੋਕਤੰਤਰ ਦੇ ਜ਼ਰੂਰੀ ਅਧਾਰ ਮੰਨੇ ਜਾਂਦੇ ਹਨ। ਕਿਸੇ ਵੀ ਦੇਸ਼ ਦੇ ਲੋਕਤੰਤਰ ਦੀ ਗੁਣਾਤਮਕਤਾ ਮੁੱਖ ਤੌਰ 'ਤੇ ਇਨ੍ਹਾਂ ਹੀ ਮੁੱਦਿਆਂ ਪ੍ਰਤੀ ਪਹੁੰਚ 'ਤੇ ਨਿਰਭਰ ਕਰਦੀ ਹੈ।

ਜਦੋਂ ਅਸੀਂ ਹੁਣੇ ਸਾਡੇ ਉੱਪਰ ਦੱਸੇ ਪੰਜ ਸੂਬਿਆਂ ਦੀਆਂ ਚੋਣਾਂ ਦੀ ਗੱਲ ਕਰਦੇ ਹਾਂ ਤਾਂ ਸਪੱਸ਼ਟ ਸਾਹਮਣੇ ਆਉਂਦਾ ਹੈ ਕਿ ਪਹਿਲਾਂ ਹੋਈਆਂ ਚੋਣਾਂ ਦੀ ਤਰ੍ਹਾਂ ਇਸ ਵਾਰ ਵੀ ਭਾਰਤੀ ਜਨ ਸਮੂਹਾਂ ਅਤੇ ਵੋਟਰਾਂ ਨੇ ਦੇਖਿਆ ਹੈ ਕਿ ਚੋਣਾਂ ਵਿੱਚ ਇਕ-ਦੂਜੀ ਵਿਰੋਧੀ ਸਿਆਸੀ ਪਾਰਟੀ ਅਤੇ ਸੰਬੰਧਤ ਉਮੀਦਵਾਰਾਂ ਵਿਚਕਾਰ ਵਧੇਰੇ ਕਰਕੇ ਦੂਸ਼ਣਬਾਜ਼ੀ ਦੀ ਜੰਗ ਹੀ ਰਹੀ ਹੈ। ਚੋਣਾਂ ਸਮੇਂ ਰਸਮੀ ਤੌਰ 'ਤੇ ਰਾਜਨੀਤਕ ਮਜਬੂਰੀਆਂ ਅਨੁਸਾਰ ਸਾਰੀਆਂ ਹੀ ਸਿਆਸੀ ਪਾਰਟੀਆਂ ਵੱਲੋਂ ਆਪੋ-ਆਪਣੇ ਚੋਣ ਮਨੋਰਥ ਪੱਤ ਵੀ ਜਾਰੀ ਕੀਤੇ ਗਏ। ਹਰ ਪਾਰਟੀ ਨੇ ਆਪਣੀ ਵਿਚਾਰਧਾਰਕ ਪਹੁੰਚ ਅਤੇ ਪਾਰਟੀ ਪ੍ਰੋਗਰਾਮ ਅਨੁਸਾਰ ਵੋਟਰ ਸਮੂਹਾਂ ਕੋਲੋਂ ਵੋਟਾਂ ਮੰਗੀਆਂ, ਪ੍ਰੰਤੂ ਹੁਣ ਪਿਛਲੇ ਕੁਝ ਸਾਲਾਂ ਤੋਂ ਚੱਲ ਰਿਹਾ ਅਤੇ ਭਾਰੂ ਹੋ ਰਿਹਾ ਨਵਾਂ ਰੁਝਾਨ ਇਨ੍ਹਾਂ ਚੋਣਾਂ ਵਿੱਚ ਵੀ ਭਾਰੂ ਰਿਹਾ ਹੈ। ਇਹ ਰੁਝਾਨ ਹੈ ਵੋਟਰ ਸਮੂਹਾਂ ਨੂੰ ਜਾਂ ਵੋਟਰਾਂ ਦੇ ਕਿਸੇ ਵਿਸ਼ੇਸ਼ ਵਰਗ ਲਈ, ਪਹਿਲਾਂ ਨਾਲੋਂ ਵਧੇਰੇ ਅਤੇ ਨਵੀਆਂ ਕੁਝ ਮੁਫ਼ਤ ਰਿਐਤਾਂ ਦੇਣ ਦੇ ਮਨੋਰਥ ਪੱਤਰੀ ਐਲਾਨ। ਹੁਣੇ ਹੋਈਆਂ ਅਤੇ ਇਸ ਤੋਂ ਪਹਿਲਾਂ ਹੋਈਆਂ ਕੁਝ ਚੋਣਾਂ ਵਿੱਚ ਇਨ੍ਹਾਂ ਮੁਫ਼ਤ ਰਿਐਤਾਂ ਦੇ ਨਾਅਰਿਆਂ ਨੂੰ ਕਈ ਸਿਆਸੀ ਪਾਰਟੀਆਂ ਵੱਲੋਂ ਚੋਣ ਗਰੰਟੀਆਂ ਦਾ ਨਾਂ ਦਿੱਤਾ ਗਿਆ। ਇਨ੍ਹਾ ਮੁਫ਼ਤ ਚੋਣ ਗਰੰਟੀਆਂ ਦੇ ਐਲਾਨਾਂ ਦੀਆਂ ਕਿਸਮਾਂ ਹਨ: ਕਿਤੇ ਮੁਫ਼ਤ ਬਿਜਲੀ ਦੀਆਂ ਕੁਝ ਯੂਨਿਟਾਂ, ਕਿਤੇ ਸਸਤਾ ਗੈਸ ਸਿਲੰਡਰ, ਕਿਤੇ ਵੋਟਰਾਂ ਦੇ ਵਿਸ਼ੇਸ਼ ਵਰਗ ਲਈ ਕੁਝ ਨਿਸ਼ਚਿਤ ਵਿੱਤੀ ਰਾਸ਼ੀਆਂ ਜਾਂ ਮੁਫ਼ਤ ਸਫਰ ਆਦਿ। ਕਈ ਸਾਲ ਪਹਿਲਾਂ ਇੱਕ ਸੂਬੇ ਦੀਆਂ ਵਿਧਾਨ ਸਭਾ ਚੋਣਾਂ ਸਮੇਂ ਇੱਕ ਪਾਰਟੀ ਵੱਲੋਂ ਵੋਟਰਾਂ ਨੂੰ ਮੁਫ਼ਤ ਟੀ ਵੀ ਸੈੱਟ ਦਿੱਤੇ ਜਾਣ ਦੀ ਵੀ ਚਰਚਾ ਹੋਈ ਸੀ। ਇਸ ਤੋਂ ਬਿਨਾਂ ਲੱਗਭੱਗ ਹਰ ਅਜਿਹੀ ਚੋਣ ਵਿੱਚ ਚੋਣ ਕਮਿਸ਼ਨ ਵੱਲੋਂ ਨਕਦ ਵਿੱਤੀ ਰਾਸ਼ੀਆਂ ਵੀ ਇਨ੍ਹਾਂ ਚੋਣਾਂ ਲੜ ਰਹੀਆਂ ਪਾਰਟੀਆਂ ਦੇ ਵਰਕਰਾਂ ਕੋਲੋਂ ਫੜੀਆਂ ਜਾਂਦੀਆਂ ਰਹੀਆਂ ਹਨ। ਜੋ ਵੋਟਰਾਂ ਵਿੱਚ ਵੰਡ ਕੇ ਵੋਟਾਂ ਖਰੀਦਣ ਲਈ ਦਿੱਤੇ ਜਾਂਦੇ ਮੰਨੇ ਜਾਂਦੇ ਸਨ। ਕੀ ਸੰਕੇਤ ਸਾਹਮਣੇ ਹਨ ਕਿ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਵੀ ਅਜਿਹਾ ਹੀ ਰਹੇਗਾ, ਵੇਖਣਾ ਹੋਵੇਗਾ।

ਇਸ ਪਿਛੋਕੜ ਅਤੇ ਸੰਬੰਧ ਵਿੱਚ ਸਾਰੇ ਸੰਜੀਦਾ ਅਤੇ ਲੋਕਤੰਤਰ ਵਿੱਚ ਵਿਸ਼ਵਾਸ ਰੱਖਦੇ ਮਾਨਯੋਗ ਭਾਰਤੀਆਂ ਕੋਲੋਂ ਵਿਚਾਰ ਮੰਗਦਾ ਪ੍ਰਸ਼ਨ ਹੈ "ਅਜਿਹੀਆਂ ਹਰ ਪੱਧਰ ਦੀਆਂ ਚੋਣਾਂ ਸਮੇਂ ਅਜਿਹੇ ਮੁਫ਼ਤ ਰਿਐਤਾਂ ਵਾਲੇ ਵਾਅਦੇ ਕਰਨ ਦੀ ਰੁਚੀ ਸਾਡੇ ਦੇਸ਼ ਦੇ ਲੋਕਤੰਤਰ 'ਤੇ ਕੀ ਪ੍ਰਭਾਵ ਪਾਵੇਗੀ"। ਕੀ ਅਜਿਹਾ ਕਰਨਾ ਜਨ-ਸਮੂਹਾਂ ਦੀ ਲੋਕਤੰਤਰ ਦੀ ਜਾਂ ਵੋਟ ਦੇ ਹੱਕ ਦੀ ਮਹੱਤਤਾ ਘਟਾਉਣ ਅਤੇ ਵੋਟਰਾਂ ਵੱਲੋਂ ਸਿਆਸੀ ਪਾਰਟੀਆਂ ਜਾਂ ਅਜਿਹੇ ਸਿਆਸੀ ਆਗੂਆਂ ਦੀ ਕਾਰਕਰਦਗੀ ਸੰਬੰਧੀ ਪ੍ਰਸਤਾਵਤ ਹੋਣ ਅਤੇ ਵਿਚਾਰ ਕਰਨ ਤੋਂ ਪਰੇ ਵਿਚਾਰਹੀਣ ਅਤੇ ਜਨ ਸਮੂਹਾਂ ਦੇ ਨਾਗਰਿਕਤਾ ਵਾਲੇ ਸਵੈਮਾਣ ਤੋਂ ਪਰੇ ਕਰ ਦੇਣ ਦਾ ਢੰਗ ਜਾਂ ਯਤਨ ਤਾਂ ਨਹੀਂ ? ਤਾਂ ਜੋ ਇਨ੍ਹਾਂ ਵੱਲੋਂ ਚਲੰਤ ਨਵ-ਉਦਾਰਵਾਦੀ ਆਰਥਿਕ ਨੀਤੀਆਂ ਕਾਰਨ ਪੈਦਾ ਹੋਈ ਬੇਰੁਜ਼ਗਾਰੀ, ਗਰੀਬੀ, ਗਰੀਬ-ਅਮੀਰ ਦੇ ਪਾੜੇ, ਮਹਿੰਗੀ ਹੋ ਰਹੀ ਸਿੱਖਿਆ, ਸਿਹਤ-ਸੰਭਾਲ ਅਤੇ ਰੋਜ਼ਾਨਾ ਜੀਵਨ ਦੀਆਂ ਜ਼ਰੂਰੀ ਵਸਤਾਂ ਦੀਆਂ ਲਗਾਤਾਰ ਵਧਦੀਆਂ ਕੀਮਤਾਂ ਵਿਰੁੱਧ ਆਮ ਜਨ ਸਮੂਹਾਂ ਵੱਲੋਂ ਉੱਠਣ ਵਾਲੀ ਵਿਰੋਧੀ ਆਵਾਜ਼ ਨੂੰ ਚੋਣ ਸਮੇਂ ਤੱਕ ਬੇਧਿਆਨਾ ਅਤੇ ਕਮਜ਼ੋਰ ਕੀਤਾ ਜਾ ਸਕੇ। ਇਸ ਦੇ ਨਾਲ ਹੀ ਜਨ ਸਮੂਹਾਂ ਅਤੇ ਵੋਟਰ ਸਮੂਹਾਂ ਲਈ ਇਹ ਵੀ ਸੋਚਣਾ ਜ਼ਰੂਰੀ ਬਣਦਾ ਹੈ ਕਿ ਚੋਣਾਂ ਸਮੇਂ ਵੀ ਇਹ ਸਿਆਸੀ ਪਾਰਟੀਆਂ ਜਾਂ ਆਗੂ ਜਨ ਸਮੂਹਾਂ ਦੇ ਸੰਵਿਧਾਨਕ ਹੱਕਾਂ ਦੀ ਗੱਲ ਕਿਉਂ ਨਹੀਂ ਕਰਦੇ ਅਤੇ ਆਪਣੀਆਂ ਰਹਿ ਚੁੱਕੀਆਂ ਜਾਂ ਵਰਤਮਾਨ ਸਰਕਾਰਾਂ ਸਮੇਂ ਜਨ ਸਮੂਹਾਂ ਲਈ ਇਨਸਾਫ਼ ਅਧਾਰਤ ਕੀਤੇ ਗਏ, ਆਰਥਿਕ, ਸਮਾਜਿਕ ਅਤੇ ਮਨੁੱਖੀ ਵਿਕਾਸ ਦੀ ਗੱਲ ਸਾਂਝੀ ਕਿਉਂ ਨਹੀਂ ਕਰਦੇ? ਜਨ ਸਮੂਹਾਂ ਨੂੰ ਇਹ ਵੀ ਵਿਚਾਰਨਾ ਹੋਵੇਗਾ ਕਿ ਕੀ ਇਹ ਕੁਝ ਮੁਫ਼ਤ ਮਿਲੀਆਂ ਰਿਐਤਾਂ ਉਨ੍ਹਾਂ ਦੇ ਪਰਵਾਰਾਂ ਦੀਆਂ ਬਾਕੀ ਰੋਜ਼ਾਨਾ ਜੀਵਨ ਦੀਆਂ ਲੋੜਾਂ ਜਿਵੇਂ ਬੱਚਿਆਂ ਦੀ ਪੜ੍ਹਾਈ, ਪਹਿਨਣ ਦੇ ਕੱਪੜੇ, ਜੀਵਨ ਲਈ ਘੱਟੋ-ਘੱਟ ਸੁਖਾਵਾਂ ਮਕਾਨ, ਹਰ ਇੱਕ ਨਾਗਰਿਕ ਲਈ ਲੋੜ ਅਨੁਸਾਰ ਡਾਕਟਰੀ ਇਲਾਜ ਅਤੇ ਪੜ੍ਹੇ-ਲਿਖੇ ਬੱਚਿਆਂ ਲਈ ਰੁਜ਼ਗਾਰ ਦੀ ਗਰੰਟੀ ਆਦਿ ਪੂਰੀਆਂ ਹੋ ਜਾਣਗੀਆਂ? ਕੀ ਇਨ੍ਹਾਂ ਰਿਐਤਾਂ ਨਾਲ ਦੇਸ਼ ਵਿੱਚ ਵਧ ਰਿਹਾ ਗਰੀਬ-ਅਮੀਰ ਦਾ ਪਾੜਾ ਘਟ ਜਾਵੇਗਾ? ਕੀ ਇਨ੍ਹਾਂ ਮੁਫ਼ਤ ਰਿਐਤਾਂ ਨਾਲ ਪ੍ਰਭਾਵਤ ਜਨ ਸਮੂਹ ਆਪਣੀ ਮਰਜ਼ੀ ਅਨੁਸਾਰ ਮਨੁੱਖੀ ਅਤੇ ਸਮਾਜਿਕ ਕਦਰਾਂ-ਕੀਮਤਾਂ ਵਾਲਾ ਅਤੇ ਵਿਕਸਤ ਸਭਿਅਕ ਅਤੇ ਸਵੈਮਾਣ ਵਾਲਾ ਜੀਵਨ ਜਿਊ ਸਕਣਗੇ? ਕੀ ਇਹ ਰਿਐਤਾਂ ਉਨ੍ਹਾਂ ਨੂੰ ਬਣਦੀ ਲੋਕਤੰਤਰਕ ਅਤੇ ਸੰਵਿਧਾਨਕ ਹੱਕਾਂ ਵਾਲੀ ਚੇਤੰਨ ਜੀਵਨਸ਼ੈਲੀ ਪ੍ਰਦਾਨ ਕਰ ਸਕਣਗੀਆਂ ਇਸ ਤੋਂ ਬਿਨਾਂ ਇਹ ਵੀ ਵਿਚਾਰਨਾ ਹੋਵੇਗਾ ਕਿ ਇਹ ਰਿਐਤਾਂ ਦਾ ਨਾਅਰਾ ਵੋਟਰ ਸਮੂਹਾਂ ਨੂੰ ਉਨ੍ਹਾ ਦੇ ਹੱਕ ਵਜੋਂ ਨਹੀਂ, ਸਗੋਂ ਸਿਆਸੀ ਆਗੂਆਂ ਜਾਂ ਇਨ੍ਹਾਂ ਦੀਆਂ ਸਰਕਾਰਾਂ ਦੇ ਰਹਿਮ 'ਤੇ ਅਧਾਰਤ ਕਾਰਵਾਈ ਹੀ ਹੋਵੇਗੀ ਤਾਂ ਜੋ ਪ੍ਰਭਾਵਤ ਜਨ ਸਮੂਹ ਉਨ੍ਹਾ ਦੇ ਰਹਿਮ ਦੇ ਪਾਤਰ ਅਤੇ ਵਿਚਾਨਹੀਣ ਤਾਬੇਦਾਰ ਭਗਤ ਬਣੇ ਰਹਿਣ ਅਤੇ ਆਪਣੇ ਬਣਦੇ ਸੰਵਿਧਾਨਕ ਹੱਕਾਂ ਪ੍ਰਤੀ ਜਾਗਰੂਕ ਨਾ ਹੋ ਸਕਣ।

ਇਸ ਤੋਂ ਦੂਜੇ ਪਾਸੇ ਵੋਟਰ ਜਨ ਸਮੂਹਾਂ ਦੀ ਚੇਤੰਨ ਜਾਣਕਾਰੀ ਲਈ ਸਾਂਝਾ ਕੀਤਾ ਜਾਂਦਾ ਹੈ ਕਿ ਭਾਰਤੀ ਸੰਵਿਧਾਨ ਅਨੁਸਾਰ ਭਾਰਤ ਦੇ ਹਰ ਇੱਕ ਨਾਗਰਿਕ ਨੂੰ ਜੀਵਨ ਦੇ ਸੰਵਿਧਾਨਕ ਹੱਕ ਦੀ ਵਿਵਸਥਾ ਉਪਲੱਬਧ ਹੈ। ਜਦੋਂ ਜੀਵਨ ਦੇ ਇਸ ਹੱਕ ਦੀ ਗੱਲ ਹੁੰਦੀ ਹੈ ਤਾਂ ਹਰ ਭਾਰਤੀ ਬੱਚੇ ਲਈ ਗੁਣਾਤਮਕ ਸਿੱਖਿਆ ਪ੍ਰਾਪਤੀ, ਹਰ ਨਾਗਰਿਕ ਲਈ ਸਿਹਤ ਸੰਭਾਲ ਅਤੇ ਹਰ ਨੌਜਵਾਨ ਲਈ ਰੁਜ਼ਗਾਰ ਪ੍ਰਾਪਤੀ ਦੇ ਹੱਕ ਦੀ ਵਿਵਸਥਾ ਪੂਰੀ ਹੋ ਕੇ ਹੀ ਸਹੀ ਅਰਥਾਂ ਵਿੱਚ ਜੀਵਨ ਦੇ ਹੱਕ ਦੀ ਗੱਲ ਪੂਰੀ ਹੋ ਸਕਦੀ ਹੈ। ਉਦਾਹਰਣ ਵਜੋਂ ਜੇਕਰ ਇੱਕ ਬੱਚੇ ਨੂੰ ਪੂਰੀ ਪ੍ਰਾਇਮਰੀ ਤੋਂ ਲੈ ਕੇ ਕਾਲਜ ਪੱਧਰ ਤੱਕ ਗੁਣਾਤਮਕ ਸਿੱਖਿਆ ਪ੍ਰਾਪਤੀ ਦਾ ਬਰਾਬਰ ਸੰਵਿਧਾਨਕ ਹੱਕ ਮਿਲ ਜਾਂਦਾ ਹੈ ਅਤੇ ਉਸ ਉਪਰੰਤ ਉਸ ਦੀ ਯੋਗਤਾ ਅਤੇ ਦੇਸ਼ ਦੀਆਂ ਲੋੜਾਂ ਅਨੁਸਾਰ ਰੁਜ਼ਗਾਰ ਪ੍ਰਾਪਤੀ ਦਾ ਹੱਕ ਪ੍ਰਾਪਤ ਹੋ ਜਾਂਦਾ ਹੈ ਤਾਂ ਫਿਰ ਉਹ ਇਨ੍ਹਾਂ ਮੁਫ਼ਤ ਰਿਐਤਾਂ ਨਾਲੋਂ ਵਧੇਰੇ ਚੰਗੇ ਪੱਧਰ ਵਾਲਾ ਮਨੁੱਖੀ ਅਤੇ ਸਮਾਜਿਕ ਜ਼ਿੰਮੇਵਾਰੀ ਵਾਲਾ ਜੀਵਨ ਪੱਧਰ ਰੱਖ ਸਕੇਗਾ। ਜੀਵਨ ਲਈ ਲੋੜੀਂਦੇ ਖਰਚੇ ਉਹ ਆਪ ਪੂਰੇ ਕਰ ਸਕੇਗਾ।

ਸਾਡੇ ਵਿਚਾਰ ਅਨੁਸਾਰ ਜੇਕਰ ਸਾਡੇ ਦੇਸ਼ ਵਿੱਚ ਗੁਣਾਤਮਕ ਸਿੱਖਿਆ ਪ੍ਰਾਪਤੀ, ਸਿਹਤ ਸੰਭਾਲ ਅਤੇ ਰੁਜ਼ਗਾਰ ਪ੍ਰਾਪਤੀ ਦੇ ਸੰਵਿਧਾਨਕ ਹੱਕ ਪ੍ਰਦਾਨ ਕਰਦੀ ਵਿਵਸਥਾ ਪੂਰੀ ਤਰ੍ਹਾਂ ਲਾਗੂ ਕੀਤੀ ਜਾਵੇ ਤਾਂ ਦੇਸ਼ ਦੇ ਮਨੁੱਖੀ ਅਤੇ ਸਮਾਜਿਕ ਵਿਕਾਸ ਵਿੱਚ ਗੌਰਵਮਈ ਵਾਧਾ ਹੋ ਸਕੇਗਾ। ਸਮਾਜ ਵਿੱਚ ਫੈਲ ਰਹੀ ਅਫ਼ਰਾ-ਤਫ਼ਰੀ ਕਾਫ਼ੀ ਹੱਦ ਤੱਕ ਰੁਕ ਸਕੇਗੀ । ਭਾਰਤੀ ਬੱਚਿਆਂ ਨੂੰ ਕੈਨੇਡਾ, ਆਸਟਰੇਲੀਆ ਆਦਿ ਵਿਦੇਸ਼

20-MAR-PAGE-5.qxd 3/19/2024 10:41 PM Page 1

ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਦਫਤਰ ਅੱਗੇ ਰੋਸ ਧਰਨਾ

ਸੰਗਰੂਰ (ਪ੍ਰਵੀਨ ਸਿੰਘ)-ਵਾਟਰ ਸਪਲਾਈ ਤੇ ਸੀਵਰੇਜ ਬੋਰਡ ਵਿੱਚ ਸਕੀਮਾਂ 'ਤੇ ਕੰਮ ਕਰਦੇ ਵਰਕਰਾਂ ਨੂੰ ਸ਼ਾਹਪੁਰਜੀ ਪਲੌਂਜੀ ਕੰਪਨੀ ਵੱਲੋਂ ਤਨਖਾਹਾਂ ਨਾ ਦਿੱਤੇ ਜਾਣ ਕਾਰਨ ਰੋਸ ਧਰਨਾ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਸੰਘਰਸ਼ ਕਮੇਟੀ ਦੇ ਕਨਵੀਨਰ ਚਮਕੌਰ ਸਿੰਘ ਮਹਿਲਾਂ ਤੇ ਮੇਲਾ ਸਿੰਘ ਪੂੰਨਾਂਵਾਲ ਨੇ ਦੱਸਿਆ ਕਿ ਇਸ ਸਾਲ 2016 ਤੋਂ ਵਾਟਰ ਸਪਲਾਈ ਤੇ ਸੀਵਰੇਜ ਦਾ ਕੰਮ ਸ਼ਾਹਪੁਰਜੀ ਕੰਪਨੀ ਨੂੰ ਦਿੱਤਾ ਗਿਆ ਹੈ, ਉਸ ਸਮੇਂ ਤੋਂ ਕੰਪਨੀ ਵੱਲੋਂ ਤਨਖਾਹਾਂ ਦੀ ਅਦਾਇਗੀ ਸਮੇਂ ਸਿਰ ਨਹੀਂ ਕੀਤੀ ਜਾਂਦੀ ਤੇ ਨਾ ਹੀ ਈ.ਪੀ.ਐੱਫ. ਜਮ੍ਹਾਂ ਕਰਵਾਇਆ ਜਾਂਦਾ। ਸਥਿਤੀ ਕੰਪਨੀ ਵੱਲੋਂ ਸੀਵਰੇਜ ਬੋਰਡ ਦੇ ਅਧਿਕਾਰੀਆਂ ਦੀ ਮਿਲੀ-ਭੁਗਤ ਨਾਲ ਸਥਿਤੀ ਇੰਨੀ ਗੰਭੀਰ ਕਰ ਦਿੱਤੀ ਹੈ ਕਿ ਸੀਵਰੇਜ ਦੇ ਕਰਮਚਾਰੀਆਂ ਨੂੰ ਹੱਥ ਧੋਣ ਲਈ ਸਾਬਣ, ਤੇਲ ਤੱਕ ਵੀ ਨਹੀਂ ਦਿੱਤਾ ਜਾਂਦਾ। ਮਲਾਜ਼ਮ ਆਗੂ ਗੁਰਜੰਟ ਸਿੰਘ ਉਗਰਾਹਾਂ, ਸੀਤਾ ਰਾਮ ਸ਼ਰਮਾ, ਸ੍ਰੀ ਨਿਵਾਸ ਸ਼ਰਮਾ, ਹਰਦੀਪ ਕੁਮਾਰ ਤੇ ਜਸਵੀਰ ਸਿੰਘ ਜੱਸੀ ਨੇ ਦੱਸਿਆ ਕਿ ਸੀਵਰੇਜ ਬੋਰਡ ਸੰਘਰਸ਼ ਕਮੇਟੀ ਸੰਗਰੂਰ ਕਈ ਵਾਰ ਕਾਰਜਕਾਰੀ ਇੰਜੀਨੀਅਰ ਵ/ਸ ਤੇ ਸੀਵਰੇਜ ਬੋਰਡ ਨੂੰ ਮਿਲਿਆ ਜਾ ਚੁੱਕਾ ਹੈ, ਉਨ੍ਹਾਂ ਵੱਲੋਂ ਕੰਪਨੀ ਨੂੰ ਬੁਲਾ ਕੇ ਮੰਗਾਂ ਨੂੰ ਹੱਲ ਕਰਨ ਅਤੇ ਸਮੇਂ ਸਿਰ ਤਨਖਾਹਾਂ ਦੀ ਅਦਾਇਗੀ ਕਰਨ ਲਈ ਲਿਖਤੀ ਰੂਪ ਵਿੱਚ ਦਿੱਤਾ ਗਿਆ ਸੀ, ਪ੍ਰੰਤੂ ਕੰਪਨੀ ਦੇ ਅਧਿਕਾਰੀ ਤੇ ਸੀਵਰੇਜ ਬੋਰਡ ਦੇ ਅਧਿਕਾਰੀ ਚੁੱਪ ਕਾਰਨ ਨਿਗੂਣੀਆਂ ਤਨਖਾਹਾਂ 'ਤੇ ਗੁਜ਼ਾਰਾ ਕਰਦੇ ਕਰਮਚਾਰੀਆਂ ਵਿੱਚ ਭਾਰੀ ਰੋਸ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਅਜਿਹੀਆਂ ਲੁਟੇਰੀਆਂ ਕੰਪਨੀਆਂ ਨੂੰ ਪੰਜਾਬ ਵਿੱਚੋਂ ਬਾਹਰ ਦਾ ਰਾਸਤਾ ਦਿਖਾਇਆ ਜਾਵੇ। ਜੇਕਰ ਤੁਰੰਤ ਵਰਕਰਾਂ ਦੇ ਮਸਲੇ ਹੱਲ ਨਾ ਕੀਤੇ ਗਏ ਤਾਂ ਆਉਣ ਵਾਲੇ ਸਮੇਂ ਵਿੱਚ ਤਿੱਖੇ ਸੰਘਰਸ਼ ਕਰਨ ਲਈ ਮਜਬੂਰ ਹੋਣਾ ਪਵੇਗਾ। ਧਰਨੇ ਵਿੱਚ ਹੋਰਨਾਂ ਤੋਂ ਇਲਾਵਾ ਵਿੱਕੀ, ਸਤਿਨਾਮ ਸਿੰਘ ਪਸੌਰ, ਹਰਪਾਲ ਸਿੰਘ ਝੁਨੇੜੀ, ਕਰਮਜੀਤ ਸਿੰਘ ਸੰਗਰੂਰ, ਪ੍ਰਦੀਪ ਕੁਮਾਰ, ਸੰਜੂ ਕੁਮਾਰ, ਅਨਿਲ ਕੁਮਾਰ ਚੀਮਾ, ਲੁਕੇਸ਼ ਕੁਮਾਰ, ਗੁਰਜੰਟ ਸਿੰਘ ਬੁਗਰਾ ਆਦਿ ਹਾਜ਼ਰ ਸਨ।

ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 4 ਲੱਖ ਦੀ ਮਾਰੀ ਠੱਗੀ, ਮਾਮਲਾ ਦਰਜ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ ਦੋ ਵਿਅਕਤੀਆਂ ਨਾਲ 4 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਔਰਤ ਖਿਲਾਫ 420 ਆਈਪੀਸੀ ਸੈਕਸ਼ਨ 13 ਪ੍ਰਵੀਸ਼ਨ ਆਫ ਹੂਮਨ ਸਮੱਗਲਿੰਗ ਐਕਟ 2012 ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੁਖਵਿੰਦਰ ਸਿੰਘ ਡੀਐੱਸਪੀ ਸਿਟੀ ਫਿਰੋਜ਼ਪੁਰ ਨੇ ਦੱਸਿਆ ਕਿ ਇਕ ਦਰਖਾਸਤ ਨੰਬਰ 1025 ਪੀਸੀ ਮਿਤੀ 7 ਮਾਰਚ 2023 ਯੂਆਈਡੀ 135447 ਮਿਤੀ 24 ਮਾਰਚ 2023 ਵੱਲੋਂ ਰਣਧੀਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਧਨਾਨਸੂ ਜ਼ਿਲ੍ਹਾ ਲੁਧਿਆਣਾ ਤੇ ਦਰਖਾਸਤ ਨੰਬਰ ਯੂਆਈਡੀ 135434 ਮਿਤੀ 24 ਮਾਰਚ 2023 ਵੱਲੋਂ ਮਨਪ੍ਰੀਤ ਸਿੰਘ ਪੁੱਤਰ ਹਰੀ ਸਿੰਘ ਖੜਟਾ ਚੋਹਰਾਮ ਜ਼ਿਲ੍ਹਾ ਲੁਧਿਆਣਾ ਜੋ ਬਾਅਦ ਬੜਤਾਲ ਆਰਥਿਕ ਅਪਰਾਧ ਸ਼ਾਖਾ ਫਿਰੋਜ਼ਪੁਰ ਤੇ ਬਾਅਦ ਹਾਸਲ ਕਾਨੂੰਨ ਰਾਏ ਉਪ ਜ਼ਿਲ੍ਹਾ ਅਟਾਰਨੀ (ਲੀਗਲ) ਫਿਰੋਜ਼ਪੁਰ ਤੇ ਬਾਅਦ ਮਨਜ਼ੂਰੀ ਅਫਸਰਾਨ ਬਾਲਾ ਵੱਲੋਂ ਮੁਕੱਦਮਾ ਦਰਜ ਕਰਨ ਲਈ ਮੌਸੂਲ ਥਾਣਾ ਹੋਇਆ ਕਿ ਪ੍ਰਾਰਥੀ ਰਣਧੀਰ ਸਿੰਘ ਤੇ ਮਨਜੀਤ ਸਿੰਘ ਵਿਦੇਸ਼ ਜਾਣਾ ਚਾਹੁੰਦੇ ਸਨ। ਦੋਵੇਂ ਮਿਤੀ 25 ਸਤੰਬਰ 2019 ਨੂੰ ਉਤਰਵਾਦੀ ਸ਼ਿਵਦੀਪ ਕੌਰ ਪੁੱਤਰੀ ਚਰਨਜੀਤ ਸਿੰਘ ਵਾਸੀ ਕੋਠੀ ਨੰਬਰ 914 ਵਿਜੇ ਨਗਰ ਜ਼ਿਲ੍ਹਾ ਹੁਸ਼ਿਆਰਪੁਰ ਦੇ ਦਫਤਰ ਉਵਰਸੀਜ ਵਰਕ ਜੋਨ ਗੋਬਿੰਦ ਨਗਰੀ ਬਾਗੀ ਰੋਡ ਫਿਰੋਜ਼ਪੁਰ ਸ਼ਹਿਰ ਵਿਖੇ ਗਏ, ਜਿਨ੍ਹਾਂ ਨੂੰ ਵਿਦੇਸ਼ ਭੇਜਣ ਦੇ ਝਾਂਸੇ ਵਿਚ ਲੈ ਕੇ ਉਤਰਵਾਦੀ ਸ਼ਿਵਦੀਪ ਕੌਰ ਨੇ 4 ਲੱਖ ਰੁਪਏ + 1 ਲੱਖ 80 ਹਜ਼ਾਰ ਰੁਪਏ ਕੁੱਲ 5 ਲੱਖ 80 ਹਜ਼ਾਰ ਰੁਪਏ ਹਾਸਲ ਕੀਤੇ ਤੇ ਦਰਖਾਸਤ ਕਰਤਾ ਨੂੰ ਵਿਦੇਸ਼ ਨਹੀਂ ਭੇਜਿਆ। ਦਰਖਾਸਤ ਕਰਤਾ ਵੱਲੋਂ ਪੈਸੇ ਵਾਪਸ ਕਰਾਉਣ ਲਈ ਦਬਾਅ ਪਾਇਆ ਤਾਂ ਉਤਰਵਾਦੀ ਸ਼ਿਵਦੀਪ ਕੌਰ ਨੇ 1 ਲੱਖ ਰੁਪਏ ਪ੍ਰਾਰਥੀ ਰਣਧੀਰ ਸਿੰਘ ਨੂੰ ਅਤੇ 80 ਹਜ਼ਾਰ ਰੁਪਏ ਪ੍ਰਾਰਥੀ ਮਨਜੀਤ ਸਿੰਘ ਨੂੰ ਵਾਪਸ ਕਰ ਦਿੱਤੇ। ਬਾਕੀ ਬਚਦੀ ਰਕਮ 4 ਲੱਖ ਰੁਪਏ ਦੇਣ ਤੇ ਉਤਰਵਾਦੀ ਸ਼ਿਵਦੀਪ ਕੌਰ ਮੁੱਕਰ ਗਈ। ਅਜਿਹਾ ਕਰਕੇ ਉਤਰਵਾਦੀ ਸ਼ਿਵਦੀਪ ਕੌਰ ਵੱਲੋਂ 4 ਲੱਖ ਰੁਪਏ ਦੀ ਧੋਖਾਧੜੀ ਕੀਤੀ ਗਈ। ਜਾਂਚਕਰਤਾ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

25 ਦੀ ਕਾਨਫਰੰਸ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ ਜਾਰੀ : ਚੌਹਾਨ/ਉੱਡਤ

ਸਰਦੂਲਗੜ੍ਹ/ਝੁਨੀਰ (ਆਤਮਾ ਸਿੰਘ ਪਮਾਰ)-ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ, ਸੰਹੀਦ ਰਾਜਗੁਰੂ ਤੇ ਸ਼ਹੀਦ ਸੁਖਦੇਵ ਦੀ 91ਵੀਂ ਸ਼ਹੀਦੀ ਵਰ੍ਹੇਗੰਢ ਨੂੰ ਸਮਰਪਤ 25 ਮਾਰਚ ਨੂੰ ਪਿੰਡ ਬਾਜੇਵਾਲਾ ਵਿਖੇ ਸੀਪੀਆਈ ਵੱਲੋਂ ਕੀਤੀ ਜਾਣ ਵਾਲੀ ਵਿਸ਼ਾਲ ਕਾਨਫਰੰਸ ਦੀਆਂ ਤਿਆਰੀਆਂ ਜੰਗੀ ਪੱਧਰ 'ਤੇ ਜਾਰੀ ਹਨ, ਪਿੰਡ ਬਾਜੇਵਾਲਾ ਤੇ ਆਸ-ਪਾਸ ਦੇ ਪਿੰਡਾਂ ਦੇ ਲੋਕ ਸੀ ਪੀ ਆਈ ਵਰਕਰਾਂ ਨੂੰ ਭਰਪੂਰ ਸਹਿਯੋਗ ਦੇ ਰਹੇ ਹਨ ਤੇ ਕਾਨਫਰੰਸ ਪ੍ਰਤੀ ਲੋਕਾਂ 'ਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਾਨਫਰੰਸ ਦਾ ਪੋਸਟਰ ਜਾਰੀ ਕਰਨ ਉਪਰੰਤ ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕ੍ਰਿਸ਼ਨ ਚੌਹਾਨ ਤੇ ਸੀ ਪੀ ਆਈ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਕਰਦਿਆਂ ਕਿਹਾ ਕਿ ਸ਼ਹੀਦੇ ਆਜ਼ਮ ਸ੍ਰ. ਭਗਤ ਸਿੰਘ ਤੇ ਸਾਥੀਆਂ ਨੇ ਨਾ ਸਿਰਫ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਸਗੋਂ ਮਨੁੱਖ ਦੀ ਮਨੁੱਖ ਹੱਥੋਂ ਲੁੱਟ ਖਸੁੱਟ ਰਹਿਤ ਬਰਾਬਰੀ ਵਾਲਾ ਸਮਾਜ ਸਿਰਜਣ ਲਈ ਫਾਸੀ ਦਾ ਰੱਸਾ ਚੁੰਮਿਆ।ਆਗੂਆਂ ਨੇ ਕਿਹਾ ਕਿ ਦੇਸ਼ ਦੇ ਹਾਕਮ ਮਿਹਨਤਕਸ਼ ਲੋਕਾਂ ਦੀ ਲੁੱਟ-ਖਸੁੱਟ ਨੂੰ ਪ੍ਰਚੰਡ ਕਰਨ ਵਾਲੀਆ ਨਵ-ਉਦਾਰਵਾਦੀ ਕਾਰਪੋਰੇਟ ਪੱਖੀ ਨੀਤੀਆ ਤੇ ਪਹਿਰਾ ਦੇ ਰਹੀਆਂ ਹਨ, ਜਿਸ ਕਰਕੇ ਮਹਿੰਗਾਈ, ਬੇਰੁਜ਼ਗਾਰੀ ਤੇ ਭੁੱਖਮਰੀ ਵਿੱਚ ਦਿਨ-ਪ੍ਰਤੀ-ਦਿਨ ਅਥਾਹ ਵਾਧਾ ਹੋ ਰਿਹਾ ਹੈ। ਆਗੂਆਂ ਨੇ ਕਿਹਾ ਕਿ ਸ਼ਹੀਦੇ-ਆਜ਼ਮ ਭਗਤ ਸਿੰਘ ਦੀ ਵਿਚਾਰਧਾਰਾ 'ਤੇ ਪਹਿਰਾ ਦੇ ਕੇ ਕਾਰਪੋਰੇਟ ਘਰਾਣਿਆਂ ਖਿਲਾਫ ਸੰਘਰਸ਼ ਕਰਨ ਤੇ ਬਰਾਬਰੀ ਵਾਲਾ ਸਮਾਜ ਸਿਰਜਣ ਵੱਲ ਵੱਧਣਾ ਹੀ ਅਜੋਕੇ ਸਮੇਂ ਦੀ ਮੁੱਖ ਲੋੜ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕਾਮਰੇਡ ਜੱਗਾ ਸਿੰਘ ਬਾਜੇਵਾਲਾ, ਕਾਮਰੇਡ ਬੂਟਾ ਸਿੰਘ ਖੱਟੜਾ ਬਾਜੇਵਾਲਾ, ਕਾਮਰੇਡ ਬੂਟਾ ਸਿੰਘ ਮਿਸਤਰੀ ਬਾਜੇਵਾਲਾ, ਗਿੰਦਰ ਸਿੰਘ ਬਾਜੇਵਾਲਾ, ਕਾ. ਦਰਸ਼ਨ ਸਿੰਘ ਮਿਸਤਰੀ, ਕਾ. ਨਿਰਮਲ ਸਿੰਘ ਬਾਜੇਵਾਲਾ ਆਦਿ ਸਾਥੀ ਹਾਜ਼ਰ ਸਨ।

ਦੇਵ ਸਮਾਜ ਕਾਲਜ ਦੀਆਂ ਵਿਦਿਆਰਥਣਾਂ ਅੰਤਰ ਕਾਲਜ ਮੁਕਾਬਲਿਆਂ 'ਚ ਅੱਵਲ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਗੁਰੂ ਨਾਨਕ ਕਾਲਜ ਸ਼੍ਰੀ ਮੁਕਤਸਰ ਸਾਹਿਬ ਵੱਲੋਂ ਡੀਬੀਟੀ ਸਟਾਰ ਕਾਲਜ ਸਕੀਮ ਤਹਿਤ ਨੈਸ਼ਨਲ ਸਾਇੰਸ ਡੇ 2024 ਮੌਕੇ ਅੰਤਰ ਕਾਲਜ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਦੇਵ ਸਮਾਜ ਕਾਲਜ ਫਾਰ ਵੂਮੈਨ ਫਿਰੋਜ਼ਪੁਰ ਦੀਆਂ 15 ਵਿਦਿਆਰਥਣਾਂ ਨੇ ਵਿਭਿੰਨ ਗਤੀਵਿਧੀਆਂ ਵਿੱਚ ਹਿੱਸਾ ਲਿਆ।ਸਾਇੰਸ ਵਿਭਾਗ ਵੱਲੋਂ ਡਾ. ਮਨੀਸ਼ ਕੁਮਾਰ ਨੇ ਦੱਸਿਆ ਕਿ ਅੰਤਰ ਕਾਲਜ ਮੁਕਾਬਿਲਆਂ ਵਿੱਚੋਂ ਪਾਵਰ ਪੁਆਇੰਟ ਪ੍ਰੈਜ਼ੈਂਟੇਸ਼ਨ ਮੁਕਾਬਲੇ ਵਿੱਚ ਵਿਦਿਆਰਥਣ ਅਮਰੀਤ, ਬੀ ਐੱਸ ਸੀ ਭਾਗ ਤੀਸਰਾ, ਨਾਨ-ਮੈਡੀਕਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।ਰੰਗੋਲੀ ਮੁਕਾਬਲੇ 'ਚ ਬੀ ਐੱਸ ਸੀ ਭਾਗ ਤੀਸਰਾ ਮੈਡੀਕਲ ਦੀਆਂ ਵਿਦਿਆਰਥਣਾਂ 'ਚ ਛਵੀ ਗੁਪਤਾ, ਸਮਾਇਲ ਤੇ ਸਿਮਰਨਜੀਤ ਕੌਰ ਨੇ ਵੀ ਪਹਿਲਾ ਸਥਾਨ ਹਾਸਲ ਕੀਤਾ।ਕਾਲਜ ਪ੍ਰਿੰਸੀਪਲ ਡਾ. ਸੰਗੀਤਾ ਨੇ ਵਿਦਿਆਰਥਣਾਂ ਦੇ ਅੰਤਰ ਕਾਲਜ ਮੁਕਾਬਿਲਆਂ ਵਿੱਚ ਪਹਿਲੇ ਸਥਾਨ 'ਤੇ ਰਹਿਣ 'ਤੇ ਵਧਾਈ ਦਿੱਤੀ।ਇਸ ਮੌਕੇ ਉਨ੍ਹਾਂ ਕਿਹਾ ਕਿ ਵਿਦਿਆਰਥਣਾਂ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨਾਲ ਮਾਤਾ-ਪਿਤਾ ਦਾ ਮਾਣ ਹੀ ਨਹੀਂ ਵਧਾਇਆ, ਸਗੋਂ ਕਾਲਜ ਦਾ ਨਾਮ ਵੀ ਰੋਸ਼ਨ ਕੀਤਾ।ਇਸ ਦੇ ਨਾਲ ਹੀ ਉਨ੍ਹਾਂ ਸਾਇੰਸ ਵਿਭਾਗ ਦੇ ਸਾਰੇ ਅਧਿਆਪਕਾਂ ਨੂੰ ਵਧਾਈ ਦਿੱਤੀ।ਨਿਰਮਲ ਸਿੰਘ ਢਿੱਲੋਂ ਨੇ ਆਪਣੀਆਂ ਸ਼ੁੱਭ-ਕਾਮਨਾਵਾਂ ਦਿੱਤੀਆਂ।

ਕਾਤਰਾਂ

ਅਣਪਛਾਤੇ ਚੋਰਾਂ ਇਕੋ ਰਾਤ 'ਚ ਤਿੰਨ ਦੁਕਾਨਾਂ ਦੇ ਸ਼ਟਰ ਤੋੜੇ

ਮੱਖੂ (ਰਛਪਾਲ ਸਿੰਘ ਸੰਧੂ)-ਬੀਤੀ ਰਾਤ ਅਣਪਛਾਤੇ ਚੋਰਾਂ ਵੱਲੋਂ ਪੁਲਸ ਪ੍ਰਸ਼ਾਸਨ ਤੋਂ ਬੇਖੌਫ ਹੋ ਕੇ ਤਿੰਨ ਦੁਕਾਨਾਂ ਦੇ ਸ਼ਟਰ ਤੋੜ ਕੇ ਚੋਰੀ ਕਰਨ ਦਾ ਸਮਾਚਾਰ ਪ੍ਰਾਪਤ ਹੋਇਆ।ਦੁਕਾਨਾਂ ਵਿੱਚ ਲੱਗੇ ਹੋਏ ਕੈਮਰਿਆਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਅਣਪਛਾਤੇ ਚੋਰਾਂ ਵੱਲੋਂ ਬੀਤੀ ਰਾਤ ਪਹਿਲਾਂ ਤਿੰਨ ਵਜੇ ਦੇ ਕਰੀਬ ਥਾਣਾ ਮਖੂ ਤੋਂ 200 ਮੀਟਰ ਦੀ ਦੂਰੀ 'ਤੇ ਰੇਲਵੇ ਰੋਡ 'ਤੇ ਸਟੇਟ ਬੈਂਕ ਆਫ ਇੰਡੀਆ ਦੇ ਸਾਹਮਣੇ ਬੇਕਰੀ ਵਾਲੀ ਦੁਕਾਨ ਦਾ ਸ਼ਟਰ ਤੋੜ ਕੇ ਗੱਲੇ ਵਿੱਚ ਪਏ ਪੈਸੇ ਚੋਰੀ ਕੀਤੇ ਗਏ ਤੇ ਬਾਅਦ ਵਿੱਚ 4 ਵਜੇ ਦੇ ਕਰੀਬ ਨੈਸ਼ਨਲ ਹਾਈਵੇ-54 'ਤੇ ਜ਼ੀਰਾ ਵਾਲਾ ਮੋੜ 'ਤੇ ਰੇਲਵੇ ਫਾਟਕ ਦੇ ਨਜ਼ਦੀਕ ਤੇ ਦਾਣਾ ਮੰਡੀ ਦੇ ਸਾਹਮਣੇ ਖਾਦ ਦਵਾਈਆਂ ਵਾਲੀ ਦੁਕਾਨ ਤੇ ਮੈਡੀਕਲ ਸਟੋਰ ਦੇ ਸ਼ਟਰ ਤੋੜ ਕੇ ਦੁਕਾਨਾਂ ਦੇ ਗੱਲਿਆਂ ਵਿੱਚ ਪਏ ਪੈਸੇ ਚੋਰੀ ਕੀਤੇ ਗਏ।ਦੁਕਾਨਦਾਰਾਂ ਵੱਲੋਂ ਦੁਕਾਨਾਂ 'ਤੇ ਹੋਈਆਂ ਚੋਰੀਆਂ ਦੀ ਸੂਚਨਾ ਥਾਣਾ ਮਖੂ ਵਿਖੇ ਦਿੱਤੀ ਗਈ।ਇਕੋ ਰਾਤ ਵਿੱਚ ਸ਼ਹਿਰ 'ਚ ਤਿੰਨ ਦੁਕਾਨਾਂ 'ਤੇ ਹੋਈਆਂ ਚੋਰੀਆਂ ਕਾਰਨ ਸ਼ਹਿਰ ਵਾਸੀਆਂ 'ਚ ਡਰ ਦਾ ਮਾਹੌਲ ਬਣਿਆ ਹੋਇਆ ਹੈ।ਜਦੋਂ ਥਾਣਾ ਮਖੂ ਦੇ ਪੁਲਸ ਅਧਿਕਾਰੀਆਂ ਨਾਲ ਇਸ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਕਿਹਾ ਕਿ ਦੁਕਾਨਾਂ 'ਤੇ ਹੋਈਆਂ ਚੋਰੀਆਂ ਦੀ ਜਾਂਚ ਕੀਤੀ ਜਾ ਰਹੀ ਹੈ, ਜਲਦ ਹੀ ਚੋਰਾਂ ਨੂੰ ਗ੍ਰਿਫਤਾਰ ਕੀਤਾ ਜਾਵੇ।

ਧਰਮਿੰਦਰ ਸਿੰਘ 'ਆਪ' ਯੂਥ ਵਿੰਗ ਦੇ ਸੂਬਾ ਜੁਆਇੰਟ ਸਕੱਤਰ ਬਣੇ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ, ਪਰਮਜੀਤ ਸਿੰਘ)-ਆਮ ਆਦਮੀ ਪਾਰਟੀ ਵੱਲੋਂ ਯੂਥ ਵਿੰਗ ਢਾਂਚੇ ਵਿੱਚ ਵਿਸਥਾਰ ਕੀਤਾ ਗਿਆ ਹੈ, ਜਿਸ ਵਿੱਚ ਧਰਮਿੰਦਰ ਸਿੰਘ ਬਰਾੜ ਨੂੰ ਯੂਥ ਵਿੰਗ ਦਾ ਸੂਬਾ ਸਕੱਤਰ ਨਿਯੁਕਤ ਕੀਤਾ ਗਿਆ ਹੈ।ਸ੍ਰ: ਬਰਾੜ ਸ੍ਰੀ ਮੁਕਤਸਰ ਸਾਹਿਬ ਦੇ ਪਿੰਡ ਭੰਗਚੜੀ ਨਾਲ ਸੰਬੰਧਤ ਹਨ।ਉਨ੍ਹਾ ਇਸ ਨਿਯੁਕਤੀ 'ਤੇ ਆਮ ਆਦਮੀ ਪਾਰਟੀ ਦੇ ਕੌਮੀ ਜਨਰਲ ਸਕੱਤਰ ਸੰਦੀਪ ਪਾਠਕ, ਸੂਬਾ ਪ੍ਰਧਾਨ ਤੇ ਮੁੱਖ ਮੰਤਰੀ ਭਗਵੰਤ ਮਾਨ, ਕੈਬਨਟ ਮੰਤਰੀ ਡਾ: ਬਲਜੀਤ ਕੌਰ, ਵਰਕਿੰਗ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਸੂਬਾ ਸਕੱਤਰ ਤੇ ਪੰਜਾਬ ਐਗਰੋ ਇੰਡਸਟਰੀਜ਼ ਦੇ ਚੇਅਰਮੈਨ ਸ਼ਮਿੰਦਰ ਸਿੰਘ ਖਿੰਦਾ ਸਮੇਤ ਲੀਡਰਸ਼ਿਪ ਦਾ ਧੰਨਵਾਦ ਕੀਤਾ।ਉਨ੍ਹਾਂ ਕਿਹਾ ਕਿ ਸੌਂਪੀ ਗਈ ਜ਼ਿੰਮੇਵਾਰੀ ਨੂੰ ਉਹ ਤਨਦੇਹੀ ਨਾਲ ਨਿਭਾਉਣਗੇ।ਇਸ ਦੌਰਾਨ ਸਹਿਕਾਰੀ ਬੈਂਕਾਂ ਦੇ ਚੇਅਰਮੈਨ ਜਗਦੇਵ ਸਿੰਘ ਬਾਂਮ, ਪਨਸੀਡ ਦੇ ਚੇਅਰਮੈਨ ਜਸ਼ਨਦੀਪ ਸਿੰਘ ਬਰਾੜ ਲੱਖੇਵਾਲੀ, ਰਮੇਸ਼ ਅਰਨੀਵਾਲਾ, ਜਸਪਿੰਦਰ ਸਿੰਘ ਰਿੱਚੀ ਬਰਾੜ, ਗੁਰਵਿੰਦਰ ਸਿੰਘ ਗੱਗੂ ਬਰਾੜ, ਸੁਖਰਾਜ ਸਿੰਘ, ਪਰਮਿੰਦਰ ਸਿੰਘ, ਗਗਨ ਅੌਲਖ ਆਦਿ ਆਗੂਆਂ ਨੇ ਸਮੂਹ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਧਰਮਿੰਦਰ ਸਿੰਘ ਬਰਾੜ ਭੰਗਚੜੀ ਨੂੰ ਵਧਾਈ ਦਿੱਤੀ।

ਛੁੱਟੀ ਆਏ ਫੌਜੀ ਨੇ ਪੁਰਾਣੀ ਰੰਜਿਸ਼ ਨੂੰ ਲੈ ਕੇ ਕੀਤੇ ਫਾਇਰ

ਮਲੋਟ (ਗੁਰਮੀਤ ਸਿੰਘ ਮੱਕੜ)-ਪਿੰਡ ਲੱਕੜਵਾਲਾ ਵਿਖੇ ਪੁਰਾਣੀ ਰੰਜਿਸ਼ ਦੇ ਚੱਲਦੇ ਛੁੱਟੀ 'ਤੇ ਆਏ ਫੌਜੀ ਸੁਖਜਿੰਦਰ ਸਿੰਘ ਨੇ ਆਪਣੇ ਪਿੰਡ ਦੇ ਨੌਜਵਾਨ ਅਕਾਸ਼ਦੀਪ ਸਿੰਘ 'ਤੇ ਫਾਇਰ ਕਰ ਦਿੱਤਾ, ਜਿਸ ਨਾਲ ਜਾਨੀ ਬਚਾਓ ਹੋ ਗਿਆ। ਅਕਾਸ਼ਦੀਪ ਸਿੰਘ ਨੇ ਦੱਸਿਆ ਕਿ ਸਾਡਾ ਫੌਜੀ ਸੁਖਜਿੰਦਰ ਸਿੰਘ ਨਾਲ ਕੋਈ ਪੁਰਾਣਾ ਜ਼ਮੀਨ ਦਾ ਰੌਲਾ ਸੀ ਅਤੇ ਜਦੋਂ ਉਹ ਕੱਲ੍ਹ ਆਪਣੇ ਚਚੇਰੇ ਭਰਾ ਨਾਲ ਖੇਤ ਵੱਲ ਜਾ ਰਿਹਾ ਸੀ ਤਾਂ ਖੇਤ ਵਿੱਚ ਪਹਿਲਾਂ ਤੋਂ ਲੁਕੇ ਫੌਜੀ ਸੁਖਜਿੰਦਰ ਸਿੰਘ ਨੇ ਉਸ ਉੱਪਰ ਫਾਇਰ ਕਰ ਦਿੱਤਾ, ਪ੍ਰੰਤੂ ਉਸ ਦਾ ਜਾਨੀ ਬਚਾਓ ਹੋ ਗਿਆ ਅਤੇ ਉਸ ਨੂੰ ਫੜ ਲਿਆ। ਦੂਜੇ ਪਾਸੇ ਥਾਣਾ

page-6-20-March.-2024.qxd 3/19/2024 11:12 PM Page 1

ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਜ਼ਿਲ੍ਹੇ 'ਚ ਕਾਸੋ ਪ੍ਰੋਗਰਾਮ ਤਹਿਤ ਸਰਚ ਅਭਿਆਨ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ/ਪਰਮਜੀਤ ਸਿੰਘ/ਚਾਵਲਾ)- ਗੌਰਵ ਯਾਦਵ ਡੀ.ਜੀ.ਪੀ. ਪੰਜਾਬ ਵੱਲੋਂ ਲੋਕ ਸਭਾ ਚੋਣਾਂ 2024 ਦੇ ਮੱਦੇਨਜ਼ਰ ਪੰਜਾਬ ਅੰਦਰ ਸ਼ਰਾਰਤੀ ਅਨਸਰਾਂ ਅਤੇ ਨਸ਼ਿਆਂ ਖਿਲਾਫ ਮੁਹਿਮ ਵਿੱਢੀ ਗਈ, ਜਿਸ 'ਤੇ ਭਾਗੀਰਥ ਸਿੰਘ ਮੀਨਾ ਦੀ ਅਗਵਾਈ ਵਿੱਚ ਸ੍ਰੀ ਮੁਕਤਸਰ ਸਾਹਿਬ ਵਿਖੇ ਕਾਸੋ ਆਪਰੇਸ਼ਨ ਤਹਿਤ ਸਰਚ ਅਪਰੇਸ਼ਨ ਚਲਾਇਆ ਗਿਆ।ਇਸ ਮੌਕੇ ਸਤਨਾਮ ਸਿੰਘ ਡੀ.ਐਸ.ਪੀ ਸ੍ਰੀ ਮੁਕਤਸਰ ਸਾਹਿਬ, ਅਮਨਦੀਪ ਸਿੰਘ ਡੀ.ਐਸ.ਪੀ(ਐੱਚ), ਜਸਬੀਰ ਸਿੰਘ ਡੀ.ਐਸ.ਪੀ ਗਿੱਦੜਬਾਹਾ, ਜਸਪਾਲ ਸਿੰਘ ਡੀ.ਐਸ.ਪੀ (ਡੀ), ਸਮੂਹ ਮੁੱਖ ਅਫਸਰਾਨ ਥਾਣਾ ਅਤੇ 250 ਦੇ ਕਰੀਬ ਪੁਲਸ ਅਧਿਕਾਰੀਆਂ/ਕਰਮਚਾਰੀਆਂ ਵੱਲੋਂ ਵੱਖ ਵੱਖ ਟੀਮਾਂ ਬਣਾ ਕੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਡਵਜ਼ਨ ਸ੍ਰੀ ਮੁਕਤਸਰ ਸਾਹਿਬ, ਗਿੱਦੜਬਾਹਾ ਦੇ ਪਿੰਡਾਂ ਅਤੇ ਕਸਬਿਆਂ ਅੰਦਰ ਸਰਚ ਅਪਰੇਸ਼ਨ ਚਲਾਇਆ ਗਿਆ।ਇਸ ਮੌਕੇ ਭਾਗੀਰਥ ਸਿੰਘ ਮੀਨਾ ਐਸ.ਐਸ.ਪੀ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਲੋਕ ਸਭਾ ਚੋਣਾਂ 2024 ਨੂੰ ਮੁੱਖ ਰੱਖਦਿਆਂ ਪੁਲਸ ਦੀਆਂ ਵੱਖ ਵੱਖ ਟੀਮਾਂ ਬਣਾ ਕੇ ਜ਼ਿਲ੍ਹੇ ਅੰਦਰ ਵੱਖ-ਵੱਖ ਥਾਵਾਂ 'ਤੇ ਜਿਨ੍ਹਾਂ ਵਿਅਕਤੀਆਂ 'ਤੇ ਪਹਿਲਾਂ ਐਨ.ਡੀ.ਪੀ.ਐਸ ਤੇ ਮੁਕੱਦਮੇ ਦਰਜ ਹਨ ਅਤੇ ਜਿਨ੍ਹਾਂ ਦੇ ਕ੍ਰਿਮੀਨਲ ਰਿਕਾਰਡ ਹਨ ਕਾਸੋ ਅਪਰੇਸ਼ਨ ਤਹਿਤ ਜ਼ਿਲ੍ਹੇ ਅੰਦਰ ਨਸ਼ੇ ਵੇਚਣ ਵਾਲੇ ਸ਼ੱਕੀ ਥਾਵਾਂ 'ਤੇ ਅਤੇ ਜਿਨ੍ਹਾਂ 'ਤੇ ਪਹਿਲਾਂ ਐਨ.ਡੀ.ਪੀ.ਐਕਟ ਦੇ ਮਾਮਲੇ ਦਰਜ ਹਨ ਉਨ੍ਹਾਂ ਘਰਾਂ/ਥਾਵਾਂ 'ਤੇ ਪੁਲਸ ਵੱਲੋਂ ਰੇਡ ਕਰ ਸਰਚ ਕੀਤਾ ਗਿਆ। ਇਸ ਸਰਚ ਅਪਰੇਸ਼ਨ ਦੌਰਾਨ ਏਰੀਏ ਦੀ ਨਾਕਾਬੰਦੀ ਕਰ ਬਾਹਰ ਅਤੇ ਅੰਦਰ ਆਉਣ ਵਾਲੇ ਰਸਤਿਆਂ ਨੂੰ ਸੀਲ ਕੀਤਾ ਗਿਆ।ਉਨ੍ਹਾਂ ਕਿਹਾ ਕਿ ਇਸ ਤਰਾਂ ਦੇ ਪ੍ਰੋਗਰਾਮ ਅੱਗੇ ਵੀ ਚਲਦੇ ਰਹਿਣਗੇ ਅਤੇ ਨਸ਼ੇ ਦਾ ਕਾਰੋਬਾਰ ਕਰਨ ਵਾਲਿਆਂ ਨੂੰ ਕਿਸੇ ਨੂੰ ਵੀ ਬਖਸ਼ਿਆ ਨਹੀ ਜਾਵੇਗਾ। ਐਸ.ਐਸ.ਪੀ ਨੇ ਦੱਸਿਆ ਕਿ ਇਸ ਕਾਸੋ ਪ੍ਰੋਗਰਾਮ ਤਹਿਤ ਪੁਲਸ ਵੱਲੋਂ ਕਾਰਵਾਈ ਕਰਦੇ ਹੋਏ ਵੱਖ ਵੱਖ ਥਾਣਿਆਂ ਵਿੱਚ 7 ਮੁਕੱਦਮੇ ਦਰਜ ਕਰ 1080 ਨਸ਼ੀਲੀਆਂ ਗੋਲੀਆਂ, 51 ਬੋਤਲਾਂ ਨਜਾਇਜ਼ ਸ਼ਰਾਬ, 7 ਦੋਸ਼ੀਆਂ ਨੂੰ ਕਾਬੂ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।

COURT NOTICE

Court Notice
(U/o 5 Rule 20 CPC)
In the Court of Sh. Sham Lal
Additional District and Sessions Judge, Rupnagar
Civil Appeal No. 4 Dated 04.01.2022
CNR No. PBRO01-000018-2022
Next Date :- 07-05-2024
Amrik Singh
Vs.
Mohinder Kaur
Petition U/S 96,
Publication Issued To :
Jasbir Singh S/o Pal Singh S/o Santa Singh,
R/o Village Nathmalpur, Tehsil Shri Chamkaur Sahib, Distt. Ropar.
In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 07.05.2024 at 10:00 A.M.
For details logon to https://highcourtchd.gov.in/?trs=district _notice&district= Ropar
Additional District and Sessions Judge, Rupnagar
Dated this day of 14-03-2024

COURT NOTICE

(U/o 5 Rule 20 CPC)
(Succession Case)
In The Court of Amit Malhan
Additional Civil Judge, (Senior Division) Amritsar
CNR No. PBAS02-005717-2023
Next Date : 09.04.2024
Krishna Rani Aggarwal aged 86 years W/o Late shri Sardari Lal, R/o 17-B, Lawrance Road, Amritsar through her power of Attorney Holder namely Rajeev Kumar S/o Late Shri Sardari Lal, R/o 17-B, Lawrance Road, Amritsar
Vs.
General Public & Others
Application U/S 372 of the indian Succession Act for the grant of Succession Certificate in favour of the applicant with respect to estate of Late Smt. Tina Gupta @ Tina @ Tinku Bala D/o Late Shri Sardari Lal who died on 12/06/2023.
Notice to : General Public
In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 09.04.2024 at 10:00 A.M.
For details logon to https://highcourtchd.gov.in/?trs=district_notice &district=Amritsar
Additional Civil Judge, (Senior Division) Amritsar
Dated this day 18-03-2024

COURT NOTICE

In the Court of MS. Divya Sharma
Judicial Magistrate-1st Class
Ludhiana
Next Date, Purpose of case, Orders and Judgment as well as other case information is available on http://ecourtas.gov.in
CNR No. PBLD03-049146-2019
Date: 14-05-2024
Kotak Mahindra Bank VS
Narinder Singh
Publication Issued To
2) Kashmir Singh
S/o Not Know resident of Village Basti Gobind Nagar Samana, Patiala 147001, 3) Joginder Kaur W/o Ajaiab Singh Village Laddi, Distt. Sangrur 148001
Whereas it has been proved to the satisfaction of this court that you the above named accused/accused persons cannot be served in the ordinary way of service. Hence this proclamation under 82 of code of criminal procedure is hereby issued against you with a direction that you should appear Personally before this court on 14.05.2024 at 10.00 A.M. or within 30 days from the date of publication of this proclamation.
Take notice that, in case of default on your part to appear as directed above the above said case will be heard and determined as per law in yous absence.
For details logon to https://highcourtchd.gov.in/?trs=district_notice &district= Ludhiana
Judicial Magistrate-1st Class
Ludhiana

COURT NOTICE

In the Court of
MS. Divya Sharma
Judicial Magistrate-1st Class
Ludhiana
Next Date, Purpose of case, Orders and Judgment as well as other case information is available on http://ecourts.gov.in
CNR No. PBLD03-000523-2022
Date: 20-05-2024
Kotak Mahindra Bank VS Amardeep Singh Kohli
Amardeep Sigh Kohli, Address : House No. 84, Dashmesh Nagar, Patiala 147001, Punjab
Whereas it has been proved to the satisfaction of this court that you the above named accused/accused persons cannot be served in the ordinary way of service. Hence this proclamation under 82 of code of criminal procedure is hereby issued against you with a direction that you should appear Personally before this court on 20.05.2024 at 10.00 A.M. or within 30 days from the date of publication of this proclamation.
Take notice that, in case of default on your part to appear as directed above the above said case will be heard and determined as per law in your absence.
For details logon to https://highcourtchd.gov.in/?trs=district_notice &district= Ludhiana
Judicial Magistrate-1st Class
Ludhiana

COURT NOTICE

(U/o 5 Rule 20 CPC)
In The Court of
Ms. Poonam Bansal
Additional District and Sessions Judge-6, Patiala
CNR No. PBPT01-011181-2022
Next Date :- 24-04-2024
Jagjit Singh
Vs.
Rajinder Kaur
Publication Issued To :
1. Rajinder Kaur widow of Shukar Singh Son of Santokh Singh R/o Village Pilkhani, Tehsil Rajpura Distt. Patiala, 2. Neelam Rathore D/o Shukar Singh wife of Amrinder Singh R/o Plot No. 24, Punjabi Colony, Backside of CM Public School, Rajpura Township, 3. Poonam Rathore D/o Shukar Singh S/o Santokh Singh, 4. Anuraj Singh S/o Shukar Singh S/o Santokh Singh. 5. Baljinder Kaur wife of Sukhwinder Singh through her legal heirs.
(i) Varinder Singh (Son), (ii) Rajwinder Singh (Son), (iii) Amandeep Kaur (Daughter)
All R/o Village Pilkhani, Tehsil Rajpura,Distt. Patiala.
In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 24.04.2024 at 10:00 A.M.
For details logon to https://highcourtchd.gov.in/?trs=district_notice&district= Patiala
Additional District and Sessions Judge-6, Patiala
Dated this day of 18-03-2024

COURT NOTICE

(U/o 5 Rule 20 CPC)
In The Court of
Sh. Bagicha Singh
Civil Judge, (Senior Division)
Tarn Taran
Next Date, Purpose of case, Orders and Judgment as well as other case information is available on http://ecourts.gov.in
CNR No. PBTT02-001739-2023
Next Date : 08.04.2024
Kulwant Singh Son of Lakha Singh R/o Near Dr. Aulakh Hospital. Master Colony, Goindwal Sahib Road, Tarn Taran
Vs
Sukhraj Singh
Publication Issued To:
2. Kuljit Singh Son of Narinder Singh S/o Shangara Singh, 3. Sukhjit Singh S/o Narinder Singh S/o Shangara Singh both R/o Village Malmohri, Tehsil and Distt. Tarn Taran.
In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 08.04.2024 at 10:00 A.M.
For details logon to https://highcourtchd.gov.in/?trs=district_notice&district=Tarn Taran
Civil Judge, (Senior Division) Tarn Taran
Dated this day 15-03-2024

ਉਤਰ ਰੇਲਵੇ

ਆਜ਼ਾਦੀ ਦਾ ਅੰਮ੍ਰਿਤ ਮਹੋਤਸਵ

ਸ਼ੁਧੀ ਪੱਤਰ

ਸੀਨੀਅਰ ਮੰਡਲ ਵਾਣਿਜਕ ਪ੍ਰਬੰਧਕ/ਐਫਐਸ, ਉਤਰ ਰੇਲਵੇ, ਫਿਰੋਜ਼ਪੁਰ ਨੇ ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਬਾਰਾਮੂਲਾ ਅਤੇ ਅਵੰਤਿਪੋਰਾ ਰੇਲਵੇ ਸਟੇਸ਼ਨ ਤੇ ਜੀਸੀਟੀ ਦੇ ਵਿਕਾਸ ਦੇ ਲਈ ਨਿਵਿਦਾ (ਦੋ ਪੈਕੇਟ ਪ੍ਰਣਾਲੀ) ਮੰਗ ਕੀਤੀ ਗਈ ਹੈ, ਹੇਠਾਂ ਲਿਖਤ:

ਲ. ਨੰ.	ਸਟੇਸ਼ਨ	ਕੋਡ	ਮੌਜੂਦਾ ਬੰਦ ਕਰਨ ਦੀ ਮਿਤੀ	ਸੰਸ਼ੋਧਿਤ ਨਿਵਿਦਾ ਸਮਾਪਨ ਮਿਤੀ
1.	ਬਾਰਾਮੂਲਾ (3AC-GCT-BRML-FZR-24)	BRML	26.03.2024	09.04.2024
2.	ਅਵੰਤਿਪੋਰਾ (3AC-GCT-ATPA-FZR-24)	ATPA	27.03.2024	10.04.2024

ਬਾਕੀ ਸਾਰੀਆਂ ਸ਼ਰਤਾਂ ਜਿਵੇਂ ਦੀਆਂ ਤਿਵੇਂ ਰਹਿਣਗੀਆਂ। ਮਾਮਲੇ ਨਾਲ ਸਬੰਧਿਤ ਕਿਸੇ ਵੀ ਸਹਾਇਤਾ ਦੇ ਲਈ ਕਿਰਪਾ ਹੇਠਾਂ ਲਿਖਤ ਨੰਬਰਾਂ ਤੇ ਸੰਪਰਕ ਕਰੋ:

1. 9779233950- ਸੀਨੀਅਰ ਡਵੀਜਨਲ ਕਮਰਸ਼ੀਅਲ ਮੈਨੇਜਰ/ਐਫ ਐਸ/ਐਫਜੇਡਆਰ
2. 9779233938 - ਦਫਤਰ ਸੁਪਰੰਟੈਂਡੰਟ/ਐਫਜੇਡਆਰ

ਵਧੇਰੇ ਜਾਣਕਾਰੀ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ ireps.gov.in ਵੇਖੋ।

ਨੰਬਰ: 3-ਏਸੀ-ਜੀਸੀਟੀ-ਬੀਆਰਐਮਐਲ-ਐਫਜੇਡਆਰ-24 ਮਿਤੀ: 19.03.2024

ਗਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ 876/2024

ਨਾਂਅ ਦੀ ਬਦਲੀ

ਮੈਂ ਕੰਵਲਜੀਤ ਕੌਰ ਵਿਧਵਾ ਸੁਰਜੀਤ ਸਿੰਘ, ਪਿੰਡ ਸੈਦੋਕੇ, ਤਹਿਸੀਲ ਬਾਬਾ ਬਕਾਲਾ ਸਾਹਿਬ (ਅੰਮ੍ਰਿਤਸਰ) ਨੇ ਆਪਣਾ ਨਾਮ ਕੰਵਲਜੀਤ ਕੌਰ ਤੋਂ ਬਦਲਕੇ ਸੰਦੀਪ ਕੌਰ ਰੱਖ ਲਿਆ ਹੈ ਅੱਜ ਤੋਂ ਮੈਨੂੰ ਸੰਦੀਪ ਕੌਰ ਨਾਮ ਨਾਲ ਜਾਣਿਆ ਜਾਵੇ।

ਮੈਂ, ਹਰਮੇਲ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਧਨੇਰ (ਬਰਨਾਲਾ) ਨੇ ਆਪਣਾ ਨਾਂ ਬਦਲ ਕੇ ਹਰਮੇਲ ਸਿੰਘ ਸੋਮਲ ਰੱਖ ਲਿਆ ਹੈ।

ਮੈਂ, ਕੈਲਾਸ਼ ਰਾਣੀ ਪਤਨੀ ਸ੍ਰੀ ਹਰਮੀਤ ਸਿੰਘ ਵਾਸੀ ਕੱਤੂ ਵਾਲਾ, ਤਹਿਸੀਲ ਜਲਾਲਾਬਾਦ (ਪ) ਜ਼ਿਲ੍ਹਾ ਫਾਜ਼ਿਲਕਾ ਬਿਆਨ ਕਰਦੀ ਹਾਂ ਕਿ ਮੇਰਾ ਪੰਜਾਬ ਨੈਸ਼ਨਲ ਬੈਂਕ ਜਲਾਲਾਬਾਦ ਵਿਚ ਖਾਤਾ ਨੰਬਰ 0239001700037572 'ਚ ਮੇਰਾ ਨਾਂਅ ਗਲਤੀ ਨਾਲ ਕੈਲੀਸ਼ ਕੌਰ (Kalish Kaur) ਲਿਖਿਆ ਗਿਆ ਹੈ। ਬੈਂਕ ਖਾਤੇ 'ਚ ਮੇਰਾ ਅਸਲ ਨਾਂਅ ਕੈਲਾਸ਼ ਰਾਣੀ (Kailash Rani) ਦਰੁਸਤ ਕੀਤਾ ਜਾਵੇ। ਸੰਬੰਧਤ ਨੋਟ ਕਰਨ। (Deepak)

ਮੈਂ ਸ਼ਕੀਨ ਸਿੰਘ ਪੁੱਤਰ ਸਰਵਨ ਸਿੰਘ ਵਾਸੀ ਪਿੰਡ ਤੇ ਡਾਕ: ਦਰੋਹਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਨੇ ਆਪਣਾ ਨਾਂਅ ਬਦਲ ਕੇ ਸ਼ਕੀਨ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਕਮਲ ਦੇਵ ਪਾਲ ਪੁੱਤਰ ਸੋਹਨ ਲਾਲ ਵਾਸੀ ਪਿੰਡ ਬੜਿੰਗ, ਡਾਕਖਾਨਾ ਜਲੰਧਰ ਕੈਂਟ, ਜ਼ਿਲ੍ਹਾ ਜਲੰਧਰ-144005 ਨੇ ਆਪਣਾ ਨਾਮ ਕਮਲ ਦੇਵ ਪਾਲ ਤੋਂ ਬਦਲ ਕੇ ਕਮਲ ਦੇਵ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ, ਕਮਲ ਦੇਵ ਪੁੱਤਰ ਸੋਹਨ ਲਾਲ ਵਾਸੀ ਪਿੰਡ ਬੜਿੰਗ, ਡਾਕਖਾਨਾ ਜਲੰਧਰ ਕੈਂਟ, ਜ਼ਿਲ੍ਹਾ ਜਲੰਧਰ-144005 ਨੇ ਆਪਣੀ ਨਾਬਾਲਗ ਲੜਕੀ ਦਾ ਨਾਮ ਪ੍ਰਿਆ ਪਾਲ ਤੋਂ ਬਦਲ ਕੇ ਪ੍ਰਿਆ ਰੱਖ ਲਿਆ ਹੈ। ਸਬੰਧਿਤ ਨੋਟ ਕਰਨ।

ਮੈਂ, ਦੀਖਸ਼ਾ ਪਤਨੀ ਸ੍ਰੀ ਅਰਮਾਨ ਵਰਮਾ, ਵਾਸੀ ਮੁਹੱਲਾ ਗੋਬਿੰਦ ਨਗਰ, ਵਾਰਡ ਨੰ. 4 ਦਾਰਾਪੁਰ, ਤਹਿਸੀਲ ਟਾਂਡਾ (ਹੁਸ਼ਿਆਰਪੁਰ) ਨੇ ਆਪਣਾ ਨਾਂਅ ਬਦਲ ਕੇ ਦੀਖਸ਼ਾ ਵਰਮਾ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਨਿਲਾਮੀ ਸੂਚਨਾ

ਸਰਕਾਰੀ ਹਾਈ ਸਕੂਲ, ਮਾੜੀ ਪੰਨਵਾਂ ਜਿਲ੍ਹਾ ਗੁਰਦਾਸਪੁਰ ਵਿਖੇ ਸਫੇਦੇ ਦੇ 52 ਰੁੱਖਾਂ ਦੀ ਖੁਲ੍ਹੀ ਬੋਲੀ ਸਕੂਲ ਵਿੱਚ 22.03.24 ਨੂੰ ਸਵੇਰੇ 11.30 ਵਜੇ ਸਕੂਲ ਗਰਾਊਂਡ ਵਿੱਚ ਹੋਵੇਗੀ। ਨਿਯਮ ਅਤੇ ਸ਼ਰਤਾਂ ਮੌਕੇ ਤੇ ਦੱਸੀਆਂ ਜਾਣਗੀਆਂ। -ਮੁੱਖ ਅਧਿਆਪਕ, ਸਰਕਾਰੀ ਹਾਈ ਸਕੂਲ, ਮਾੜੀ ਪੰਨਵਾਂ ਜਿਲ੍ਹਾ ਗੁਰਦਾਸਪੁਰ।
ਮੋ. 88729-33533

ਅਦਾਲਤੀ ਇਸ਼ਤਿਹਾਰ

ਸਹਾਇਕ ਕੁਲੈਕਟਰ ਦਰਜਾ ਅੱਵਲ/ਦੋਮ ਕਮ ਨਾਇਬ ਤਹਿਸੀਲਦਾਰ, ਤਲਵੰਡੀ ਚੌਧਰੀਆਂ

ਵਿਸ਼ਾ : ਤਕਸੀਮ ਅਨੁਵਾਨ ਜਗੀਰ ਸਿੰਘ ਬਨਾਮ ਬਲਬੀਰ ਸਿੰਘ ਵਗੈਰਾ ਬਾਰੇ ਅਖਬਾਰ ਵਿਚ ਪਬਲੀਕੇਸ਼ਨ ਦੇਣ ਸੰਬੰਧੀ।

ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਅਦਾਲਤ ਵਿਚ ਤਕਸੀਮ ਕੇਸ ਜਗੀਰ ਸਿੰਘ ਬਨਾਮ ਬਲਬੀਰ ਸਿੰਘ ਸਬ-ਤਹਿਸੀਲ ਤਲਵੰਡੀ ਚੌਧਰੀਆਂ, ਜ਼ਿਲ੍ਹਾ ਕਪੂਰਥਲਾ ਚੱਲ ਰਿਹਾ ਹੈ, ਜਿਸ ਵਿਚ ਧਿਰ ਦੋਮ ਲੜੀ ਨੰਬਰ (8) ਮਲਕੀਤ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਸਮੁੰਦ ਸਿੰਘ, ਵਾਸੀ ਪਿੰਡ ਨੂਰਪੁਰ ਨੂੰ ਵਾਰ-ਵਾਰ ਤਲਬੀ ਸੰਮਨ ਜਾਰੀ ਕੀਤੇ ਜਾਣ ਦੇ ਬਾਵਜੂਦ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਨਹੀਂ ਆਇਆ। ਹੁਣ ਅੱਜ ਮਿਤੀ 15.03.2024 ਨੂੰ ਉਕਤ ਕੇਸ ਵਿਚ ਧਿਰ ਦੋਮ ਲੜੀ ਨੰਬਰ (8) ਮਲਕੀਤ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਸਮੁੰਦ ਸਿੰਘ ਨੂੰ ਇਸ ਅਦਾਲਤ ਵੱਲੋਂ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆਉਣ ਲਈ ਅਖਬਾਰ ਵਿਚ ਇਸ਼ਤਿਹਾਰ ਜਾਰੀ ਕਰਨ ਦੇ ਹੁਕਮ ਜਾਰੀ ਕੀਤਾ ਜਾਂਦਾ ਹੈ, ਜੇਕਰ ਹਾਲੇ ਵੀ ਲੜੀ ਨੰਬਰ (8) ਮਲਕੀਤ ਸਿੰਘ ਪੁੱਤਰ ਪਿਆਰਾ ਸਿੰਘ ਪੁੱਤਰ ਸਮੁੰਦ ਸਿੰਘ ਇਹ ਇਸ਼ਤਿਹਾਰ ਜਾਰੀ ਹੋਣ ਦੀ ਮਿਤੀ ਤੋਂ 15 ਦਿਨਾਂ ਅੰਦਰ-ਅੰਦਰ ਹਾਜ਼ਰ ਅਦਾਲਤ ਨਹੀਂ ਆਇਆ ਤਾਂ ਇਸ ਅਦਾਲਤ ਵੱਲੋਂ ਇਕਤਰਫਾ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

ਇਹ ਇਸ਼ਤਿਹਾਰ ਦੇ ਹੁਕਮ ਅੱਜ ਮਿਤੀ 15.03.2024 ਨੂੰ ਮੇਰੇ ਹਸਤਾਖਰ ਅਤੇ ਅਦਾਲਤ ਦੀ ਮੋਹਰ ਅਧੀਨ ਜਾਰੀ ਕੀਤਾ ਗਿਆ ਹੈ।

ਸਹੀ/-ਸਹਾਇਕ ਕੁਲੈਕਟਰ ਦਰਜਾ ਅੱਵਲ/ਦੋਮ ਕਮ ਨਾਇਬ ਤਹਿਸੀਲਦਾਰ, ਤਲਵੰਡੀ ਚੌਧਰੀਆਂ
ਨੰਬਰ 962/ਰੀਡਰ ਮਿਤੀ : 15.03.2024

COURT NOTICE

(U/o 5 Rule 20 CPC)
In The Court of
Sukhmandeep Singh
Civil Judge, (Junior Division), Phillaur
CNR No. PBJLB0-000020-2022
Next Date : 19.04.2024
Union Bank of india
Vs
Chuhar Singh
Publication Issued To:
Chuhar Singh S/o Mehar Singh Now deceased through his legal heirs (III) Gurjeet Kaur (IV) Sukhjeet Kaur both Daughters of Chuhar Singh R/o Village Bainapur, Tehsil Phillaur, Distt. Jalandhar.
In above titled case, the defendant (s)/respondent (s) could not be served. It is ordered that defendant (s) respondant (s) should appear in person or through counsel on 19.04.2024 at 10:00 A.M.
For details logon to https://highcourtchd.gov.in/?trs=district _notice&district=Jalandhar
Civil Judge, (Junior Division), Phillaur
Dated this day 19-03-2024

COURT NOTICE

In the Court of
Ms. Amanpreet Kaur
Judicial Magistrate-1st Class-13, Patiala
CNR No. PBPT03-000846-2024
Next Date : 22-04-2024
Jagjit Kaur
Vs.
Kamaljeet Singh
Publication Issued To :
(1) Kamal Jeet Singh S/o Sh. Lal Singh, (2) Lal Singh S/o Sh. Karam Singh (3) Jaswinder Kaur W/o Lal Singh (4) Manpreet Singh S/o Lal Singh, All Resident of House No. 68/12, Mohalla Harikewal, Peeran Wala Gate Sunam, Distt. Sangrur.
In above titled case, the defendant (s)/respondent (s) could not be served. It is ordered that defendant (s)/ respondent (s) should appear in person or through counsel on 22.04.2024 at 10:00 A.M.
For details logon to https://highcourtchd.gov.in/?trs=district _notice&district= Patiala
Judicial Magistrate-1st Class-13, Patiala
Dated this day of 19-03-2024

ਕਲਾਸੀਫਾਈਡ ਇਸ਼ਤਿਹਾਰ

Change of Name

I, Harman Sandhu D/o Shri Charanjeet Singh Sandhu Resident of H. No. 8, Jaina Nagar, Jalandhar-1, Distt. Jalandhar, I have changed my name from Harman Sandhu to Harleen Sandhu. Please note. (9638)

I, Rinku S/o Satpal R/o VPO Chittî, Distt. Jalandhar have changed my name Rinku to Rinku Sidhu. (B)

I, Pushpinder Singh S/o Gurdas Ram,Village Mand Alluwal, Teh. Sultanpur Lodhi, Distt. Kapurthala, I have changed my minor son name from Joseph to Joseph Sahota. Concerned may please note. (Balwinder Dhaliwal)

I, Sanjiv Khindri S/o Satish Kumar Khindri R/o 41, Krishna Square 2, B/s Celebration Mall, Batala Road, Amritsar have changed my name from Sanjiv Khindri to Sanjeev Kumar Khindri. (Kiran)

I, Geetu Khanna alias Kanika Khindri W/o Sanjeev Kumar Khindri R/o 41, Krishna Square 2, B/s Celebration Mall, Batala Road, Amritsar have changed my name from Geetu Khanna alias Kanika Khindri to Kanika Khindri. (Kiran)

I, Amerjeet Singh Sohal S/o Balbir Chand R/o Village & PO Mazara Dingrian Distt. Hoshiarpur Punjab have changed the name of my minor daughter from Krittika to Krittika Singh. Concerned note.

I, Shveta Chadda W/o Abhishek Jagota R/O 176, Guru Gobind Singh Avenue, Jalandhar have changed my name from Shveta Chadda to Shveta Jagota. All concerned please note.

I, Lakshman Kapur S/o Subhash Kapoor R/o 1664/8, Gali Darbara Singh, Kubi Beri, Amritsar, Punjab have changed my name from Lakshman Kapur to Lakshman Kapoor.

I, Anjali Kapur W/o Lakshman Kapoor R/o 1664/8, Gali Darbara Singh, Kubi Beri, Amritsar, Punjab have changed my name from Anjali Kapur to Anjali Kapoor.

I, Subash Kapur S/o Kala Mal Kapoor R/o 1664/8, Gali Darbara Singh, Kubi Beri, Amritsar, Punjab have changed my name from Subash Kapur to Subash Kapoor.

I, Ashok S/O Vijay Kumar Ahuja R/O H.No.173-A, Main Road, Avtar Avenue, Majitha Road, Amritsar, Punjab have changed my name from Ashok to Ashok Ahuja.Concerned note.

I,Meenu W/O Ashok Ahuja R/O H.No.173-A, Main Road, Avtar Avenue, Majitha Road, Amritsar, Punjab have changed my name from Meenu to Meenu Ahuja. Concerned note.

I, Deewan Chand S/o Kartar Chand R/o VPO. Zahura Distt: Hoshiarpur, (Pb.) India have Changed my name Deewan Chand to Diwan Chand. All Concerned Please note.

I, Manjit kaur c/o Surjit Singh R/o Vill Mubarakpur tehsil Bholath Distt Kapurthala (Punjab) declare that my passport no M2582859 my husband name wrongly mention is Surjeet Singh but his correct name is Surjit Singh. All concerned please note.

I Shindo Devi W/o Surjeet Kumar R/o Kot Budha, Tehsil & Distt Gurdaspur. Declare that Shindo Devi & Shindu Davi Both names belongs to mine & both are same and One person.

I Divesh Manglani S/O Narender Kumar Manglani R/O R-422 Po Dera Baba Jaimal Singh Beas Amritsar Have Changed My Name To Divesh Kumar Manglani.

I, Jyoti Sharam W/O Raghu Raj R/O H.no.1214/C, Gali No.2, Dhapai Road, Guru Nanak Pura, Amritsar Have Changed My Name From Jyoti Sharam To Jyoti Sharma

I Baldev Singh S/O Karnail Singh Vpo Dehriwal Daroga Distt Gurdaspur 143518 Have Change My Name From Baldav Singh To Baldev Singh

I, Harmanjit Singh S/O Joginder Singh R/O Jalandhar Road, Near Central Bank Of India , Vpo Mehta Chowk Amritsar Have Changed My Name Harmanjit Is My Given Name And Singh Is My Surname

I, Dilbagh Singh S/O Harbhajan Singh Sandu R/O H.no.67, Lane No.1, L-block Green City Ajnala Road, Amritsar Have Changed My Name From Dilbagh Singh To Dilbagh Singh Sandhu

I Paramjit Kaur W/O Surjit Singh R/O H.no.52 Sanghera House,Near Hans Gas Agency,Akash Avenue,Amritsar 143001, I Have Change My Name Paramjit Kaur To Parmjit Kaur Chinna

I Tanu D/O Yadwinder Singh R/O Village Fatehpur, Po Jawala Flour Mills, Amritsar Have Changed My Name From Tanu To Tanbir Kaur.

I, Varinder Singh S/O Surjit Singh R/O H.no.1988/2, Himmatpura Amritsar Have Changed My Name From Varinder Singh Sokhal To Varinder Singh

I, Balvinder Kaur Wife Of Daler Singh R/O Vill. Gadrian P.o. Naushehra Majja Singh Distt. Gurdaspur Punjab. Have Changed My Name To Balwinder Kaur.

I, Amandeep Kaur W/O Harpreet Singh R/O Vpo Kotla Gujjran Tehsil Majitha District Amritsar Have Changed My Name Amandeep Is My Given Name And Kaur Is My Surname

I, Harbhajan Kaur W/O Sucha Singh R/O Village Kaka Kandiala,Amritsar Road,Tarn Taran.i Have Changed My Name From Harbhajan Kaur Alias Bhajan Kaur To Harbhajan Kaur

I, Vipan Mohindru S/O Kewal Krishan R/O H.no.468, Gali No.1, Preet Nagar, Batala Road, Amritsar Have Changed My Name From Vipan Mohindru To Vipan Mahendru. All Please Note.

I, Prem Kumar S/O Dharam Pal Sareen R/

20-MAR-PAGE-7.qxd 3/19/2024 10:40 PM Page 1

ਮੈਂ ਹਲਕੇ ਦੇ ਲੋਕਾਂ ਨੂੰ ਗੁੰਮਸ਼ੁਦਾ ਦੇ ਪੋਸਟਰ ਲਾਉਣ ਦੀ ਨੌਬਤ ਨਹੀਂ ਆਉਣ ਦੇਵਾਂਗਾ : ਕਰਮਜੀਤ ਅਨਮੋਲ

ਸੰਧਵਾਂ ਦੀ ਰਹਿਨੁਮਾਈ ਹੇਠ ਹੋਈ ਵਰਕਰ ਮਿਲਣੀ ਨੇ ਧਾਰਿਆ ਰੈਲੀ ਦਾ ਰੂਪ

ਕੋਟਕਪੂਰਾ (ਰਛਪਾਲ ਭੁੱਲਰ)

ਕੋਟਕਪੂਰਾ ਵਿਖੇ ਵਰਕਰ ਮਿਲਣੀ ਕਰਨ ਲਈ ਪੁੱਜੇ ਆਮ ਆਦਮੀ ਪਾਰਟੀ ਦੇ ਲੋਕ ਸਭਾ ਹਲਕਾ ਫਰੀਦਕੋਟ ਤੋਂ ਐਲਾਨੇ ਉਮੀਦਵਾਰ ਕਰਮਜੀਤ ਅਨਮੋਲ ਨੇ ਆਖਿਆ ਕਿ ਉਹ ਇਸ ਹਲਕੇ ਨੂੰ ਕੈਲੇਫੋਰਨੀਆ ਬਣਾਉਣ ਦੀ ਬਜਾਇ ਵਧੀਆ ਤੇ ਸ਼ਾਨਦਾਰ ਫਰੀਦਕੋਟ ਹਲਕਾ ਬਣਾਉਣਗੇ।ਜ਼ਿਲ੍ਹਾ ਪ੍ਰਧਾਨ ਇੰਜੀ. ਸੁਖਜੀਤ ਸਿੰਘ ਢਿੱਲਵਾਂ ਵੱਲੋਂ ਲੋਕ ਸਭਾ ਹਲਕਾ ਫਰੀਦਕੋਟ ਤੋਂ ਜਿੱਤ ਕੇ ਐੱਮ. ਪੀ. ਬਣਨ ਵਾਲੇ ਉਮੀਦਵਾਰਾਂ ਦੇ ਗੁਮਸ਼ੁਦਗੀ ਵਾਲੇ ਲੱਗਦੇ ਪੋਸਟਰਾਂ ਤੇ ਫਿਲਮੀ ਦੁਨੀਆ 'ਚ ਰੁੱਝ ਜਾਣ ਤੋਂ ਬਾਅਦ ਹਲਕੇ ਦੇ ਲੋਕਾਂ ਵੱਲ ਧਿਆਨ ਨਾ ਦੇਣ ਦੀਆਂ ਅਖਬਾਰਾਂ ਦੀਆਂ ਸੁਰਖੀਆਂ ਬਣਦੀਆਂ ਖਬਰਾਂ ਸਬੰਧੀ ਕੀਤੇ ਸੁਆਲਾਂ ਦਾ ਜਵਾਬ ਦਿੰਦਿਆਂ ਕਰਮਜੀਤ ਅਨਮੋਲ ਨੇ ਆਖਿਆ ਕਿ ਉਹ ਆਪਣੀ ਗੁਮਸ਼ੁਦਗੀ ਦੇ ਪੋਸਟਰ ਕਦੇ ਵੀ ਨਹੀਂ ਲੱਗਣ ਦੇਣਗੇ ਅਤੇ ਨਾ ਹੀ ਫਿਲਮੀ ਦੁਨੀਆ ਨੂੰ ਲੋਕ ਸਭਾ ਹਲਕਾ ਫਰੀਦਕੋਟ ਦੇ ਲੋਕਾਂ ਤੋਂ ਜ਼ਿਆਦਾ ਮਹੱਤਤਾ ਦੇਣਗੇ।ਉਨ੍ਹਾ ਕਿਹਾ ਕਿ ਰਵਾਇਤੀ ਪਾਰਟੀਆਂ ਦੀਆਂ ਸਰਕਾਰਾਂ ਦੇ

ਨੁਮਾਇੰਦੇ ਸਾਢੇ 4 ਸਾਲ ਆਪਣੇ ਹਲਕੇ ਦੇ ਲੋਕਾਂ ਤੋਂ ਦੂਰੀ ਬਣਾ ਕੇ ਰੱਖਦੇ ਸਨ ਤੇ ਅਖੀਰਲੇ 6 ਮਹੀਨਿਆਂ ਨੂੰ ਵਿਕਾਸ ਦਾ ਸਾਲ ਕਹਿ ਕੇ ਵੋਟਾਂ ਬਟੋਰਨ ਆ ਜਾਂਦੇ ਸਨ, ਪਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਤੇ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਦੀ ਲੋਕ ਪੱਖੀ ਸੋਚ ਕਾਰਨ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਪਹਿਲੇ ਦਿਨ ਤੋਂ ਹੀ ਵਿਕਾਸ ਕਾਰਜ ਆਰੰਭ ਦਿੱਤੇ ਅਤੇ ਰਾਜਨੀਤਕ ਖੇਤਰ ਵਿੱਚ ਉਹ ਮੀਲ ਪੱਥਰ ਸਥਾਪਤ ਕੀਤੇ, ਜੋ ਰਾਜਨੀਤਕਾਂ ਦੀ ਰਣਨੀਤੀ ਦੇ ਸਮੀਕਰਨ ਵੀ ਤਬਦੀਲ ਕਰਨ ਦੇ ਸਮਰੱਥ ਹਨ।ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਇਤਿਹਾਸ ਵਿੱਚ ਇਹ ਪਹਿਲਾ ਮੌਕਾ ਹੋਵੇਗਾ, ਜਦੋਂ ਮਹਿਜ ਦੋ ਸਾਲਾਂ ਵਿੱਚ ਲਗਭਗ 43 ਹਜ਼ਾਰ ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦੇ ਨਿਯੁਕਤੀ ਪੱਤਰ ਵੰਡਣ ਮੌਕੇ ਮੁੱਖ ਮੰਤਰੀ ਪੰਜਾਬ ਨੇ ਵੱਖ ਵੱਖ ਚੈਨਲਾਂ ਦੇ ਸਿੱਧੇ ਪ੍ਰਸਾਰਨ ਦੌਰਾਨ ਨੌਜਵਾਨਾਂ ਨੂੰ ਪੁੱਛਿਆ ਕਿ ਕਿਸੇ ਨੇ ਰਿਸ਼ਵਤ ਮੰਗੀ? ਜਾਂ ਤੁਹਾਨੂੰ ਕਿਸੇ ਦੀ ਸਿਫਾਰਸ਼ ਪਾਉਣ ਦੀ ਜ਼ਰੂਰਤ ਪਈ? ਉਨ੍ਹਾਂ ਆਖਿਆ ਕਿ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਵੱਲੋਂ ਇੱਕ ਤੋਂ ਵੱਧ ਵਾਰ ਐਲਾਨੀਆ ਚੁਣੌਤੀ ਦੇ ਲਹਿਜੇ ਵਿੱਚ ਆਖਿਆ ਜਾ ਚੁੱਕਾ ਹੈ ਕਿ ਜੇਕਰ ਇਕ ਪਾਸੇ ਰਿਸ਼ਵਤ ਦਾ ਅਥਾਹ ਖਜ਼ਾਨਾ ਪਿਆ ਹੋਵੇ ਤੇ ਦੂਜੇ ਪਾਸੇ ਸਲਫਾਸ ਤਾਂ ਉਹ ਖਜ਼ਾਨੇ ਦੀ ਬਜਾਇ ਸਲਫਾਸ ਖਾਣ ਨੂੰ ਤਰਜੀਹ ਦੇਵੇਗਾ।ਸਪੀਕਰ ਸੰਧਵਾਂ ਵੱਲੋਂ ਉਨ੍ਹਾਂ ਦੇ ਪੀ ਆਰ ਓ ਮਨਪ੍ਰੀਤ ਸਿੰਘ ਮਨੀ ਧਾਲੀਵਾਲ ਤੇ ਐਡਵੋਕੇਟ ਬੀਰਇੰਦਰ ਸਿੰਘ ਨੇ ਹਲਕੇ ਦੇ ਵੱਖ ਵੱਖ ਪਿੰਡਾਂ ਤੋਂ ਆਏ ਵਰਕਰਾਂ ਦਾ ਧੰਨਵਾਦ ਕੀਤਾ।ਇਸ ਮੌਕੇ ਉਪਰੋਕਤ ਤੋਂ ਇਲਾਵਾ ਮੱਖਣ ਬਰਾੜ ਮੱਲਕੇ, ਮਨਜੀਤ ਸਿੰਘ ਸਿੱਧੂ, ਪਵਿੱਤਰ ਸਿੰਘ ਸਰਪੰਚ, ਕੰਵਲਜੀਤ ਸਿੰਘ ਢੀਂਡਸਾ, ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ, ਬੱਬੂ ਸਿੰਘ ਸੰਧੂ ਸਿੱਖਾਂਵਾਲਾ, ਸੁਖਵੰਤ ਸਿੰਘ ਸਰਾਂ, ਮਨਜੀਤ ਸ਼ਰਮਾ, ਜਗਜੀਤ ਸਿੰਘ ਸੁਪਰਡੈਂਟ, ਸੁਖਦੇਵ ਸਿੰਘ ਪਦਮ, ਮੇਹਰ ਸਿੰਘ ਚੰਨੀ, ਸੰਜੀਵ ਕਾਲੜਾ, ਸੰਦੀਪ ਸਿੰਘ ਕੰਮੇਆਣਾ, ਰਾਜਪਾਲ ਸਿੰਘ ਢੁੱਡੀ, ਜਗਤਾਰ ਸਿੰਘ, ਚੇਅਰਮੈਨ ਗੁਰਮੀਤ ਸਿੰਘ ਆਰੇਵਾਲੇ, ਸੁਖਵੰਤ ਸਿੰਘ ਪੱਕਾ ਜ਼ਿਲ੍ਹਾ ਯੂਥ ਪ੍ਰਧਾਨ ਆਦਿ ਹਾਜ਼ਰ ਸਨ।

ਮਾਣਹਾਨੀ ਕੇਸ ਦੀ ਪੈਰਵੀ ਲਈ ਐਡਵੋਕੇਟ ਬਾਬੂ ਸਿੰਘ ਸਿੱਧੂ ਮੁਕੱਰਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਐਡੀਸ਼ਨਲ ਸਿਵਲ ਜੱਜ ਸੀਨੀਅਰ ਡਵੀਜ਼ਨ ਦੀ ਅਦਾਲਤ 'ਚ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਖਿਲਾਫ ਦਾਇਰ ਕੀਤੇ ਮਾਣਹਾਨੀ ਕੇਸ ਦੀ ਪੈਰਵਾਈ ਲਈ ਮੁਕਾਬਲਾ ਕਰਨ ਲਈ ਮੁੱਖ ਮੰਤਰੀ ਵੱਲੋਂ ਸੀਨੀਅਰ ਐਡਵੋਕੇਟ ਬਾਬੂ ਸਿੰਘ ਸਿੱਧੂ ਦੇ ਨਾਲ ਮਨਿੰਦਰਜੀਤ ਸਿੰਘ ਬੇਦੀ ਤੇ ਇਕਬਾਲ ਸਿੰਘ ਬੁੱਟਰ ਨੂੰ ਆਪਣਾ ਵਕੀਲ ਮੁਕੱਰਰ ਕੀਤਾ ਹੈ। ਅਦਾਲਤ ਵਿੱਚ ਪੇਸ਼ ਹੁੰਦਿਆਂ ਸ੍ਰੀ ਸਿੱਧੂ ਨੇ ਆਪਣੀ ਪਹਿਲੀ ਦਲੀਲ ਵਿੱਚ ਹੀ ਮਾਣਹਾਨੀ ਦੇ ਇਸ ਕੇਸ ਨੂੰ ਬੇਬੁਨਿਆਦ ਦੱਸਦਿਆਂ ਖਾਰਜ ਕਰਨ ਦੀ ਮੰਗ ਕੀਤੀ ਹੈ।

ਉਨ੍ਹਾਂ ਦੱਸਿਆ ਕਿ 1 ਸਤੰਬਰ 2023 ਨੂੰ ਪੰਜਾਬ ਖੇਤੀਬਾੜੀ ਯੂਨੀਅਨ ਲੁਧਿਆਣਾ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਜੋ ਤਕਰੀਰ ਕੀਤੀ ਸੀ, ਉਸ ਨਾਲ ਸੁਖਬੀਰ ਸਿੰਘ ਬਾਦਲ ਦੇ ਮਾਣ ਸਨਮਾਨ ਨੂੰ ਕੋਈ ਠੇਸ ਨਹੀਂ ਪਹੁੰਚੀ। ਇਸ ਲਈ ਇਹ ਕੇਸ ਅਦਾਲਤ ਵਿੱਚ ਚੱਲਣ ਦੇ ਯੋਗ ਨਹੀਂ ਹੈ।

ਅਦਾਲਤ ਨੇ ਉਨ੍ਹਾਂ ਦੀ ਦਰਖਾਸਤ ਲੈ ਲਈ ਹੈ ਤੇ ਅਗਲੀ ਤਰੀਕ ਪੇਸ਼ੀ 9 ਅਪ੍ਰੈਲ ਵਾਸਤੇ ਮੁਕੱਰਰ ਕਰ ਦਿੱਤੀ ਹੈ। ਇਸ ਦੌਰਾਨ ਸੁਖਬੀਰ ਸਿੰਘ ਬਾਦਲ ਵੱਲੋਂ ਐਡੋਵਕੇਟ ਮਨਜਿੰਦਰ ਸਿੰਘ ਬਰਾੜ ਪੇਸ਼ ਹੋਏ।

ਚੋਣਾਂ 'ਚ ਮੁੱਖ ਮੰਤਰੀ ਤੇ ਮੰਤਰੀਆਂ ਦਾ ਕੀਤਾ ਜਾਵੇਗਾ ਵਿਰੋਧ : ਆਗੂ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)

ਜਲ ਸਪਲਾਈ ਤੇ ਸੈਨੀਟੇਸ਼ਨ ਕੰਟਰੈਕਟ ਵਰਕਰਜ ਯੂਨੀਅਨ ਰਜਿ 31 ਦੀ ਮੀਟਿੰਗ ਹੋਈ। ਜਥੇਬੰਦੀ ਦੇ ਸੂਬਾ ਪ੍ਰਚਾਰ ਸਕੱਤਰ ਤੇ ਜ਼ਿਲ੍ਹਾ ਪ੍ਰਧਾਨ ਬਲਜੀਤ ਸਿੰਘ ਭੱਟੀ ਤੇ ਜ਼ਿਲ੍ਹਾ ਜਨਰਲ ਸਕੱਤਰ ਸੁਰਜੀਤ ਸਿੰਘ ਤੱਖੀ ਨੇ ਕਿਹਾ ਕਿ ਸਾਰੇ ਸਰਕਾਰੀ ਵਿਭਾਗਾਂ ਦੇ ਆਊਟਸੋਰਸ ਤੇ ਇਨਵੈਸਟਮੈਂਟ ਠੇਕੇ ਵਾਲੇ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕਾ ਕਰਨ ਦਾ ਵਾਅਦਾ ਕਰਕੇ ਸੱਤਾ ਵਿਚ ਆਈ 'ਆਪ' ਸਰਕਾਰ ਵੀ ਹੈ। ਪਿਛਲੀਆਂ ਸਰਕਾਰਾਂ ਵਾਂਗ ਠੇਕਾ ਮੁਲਾਜ਼ਮਾਂ ਨੂੰ ਪੱਕੇ ਕਰਨ ਲਈ ਸਬ-ਕਮੇਟੀਆਂ ਬਣਾ ਕੇ ਝੂਠ ਨਾਲ ਆਪਣਾ ਸਮਾਂ ਬਤੀਤ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਵਿਧਾਨ ਸਭਾ ਵਿੱਚ ਠੇਕੇਦਾਰਾਂ ਤੇ ਕੰਪਨੀਆਂ ਵੱਲੋਂ ਠੇਕਾ ਮੁਲਾਜ਼ਮਾਂ ਦੀ ਆਊਟਸੋਰਸਿੰਗ ਤੇ ਠੇਕਾ ਮੁਲਾਜ਼ਮਾਂ ਦੀ ਲੇਬਰ ਦੀ ਲੁੱਟ ਨਾ ਕਰਨ ਦਾ ਐਲਾਨ ਕੀਤਾ, ਜਿਸ ਕਾਰਨ ਠੇਕਾ ਮੁਲਾਜ਼ਮ ਮਜਬੂਰ ਹਨ। ਭਰਤੀ ਕੀਤੇ ਠੇਕਾ ਮੁਲਾਜ਼ਮਾਂ ਨੂੰ ਵਿਭਾਗਾਂ ਵਿੱਚ ਪੱਕੇ ਕੀਤਾ ਜਾਵੇ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ 'ਆਪ' ਸਰਕਾਰ ਨੇ ਵੀ ਪਿਛਲੀਆਂ ਸਰਕਾਰਾਂ ਵਾਂਗ ਆਊਟਸੋਰਸ 'ਤੇ ਭਰਤੀ ਕੀਤੇ ਠੇਕਾ ਮੁਲਾਜ਼ਮਾਂ ਨਾਲ ਨੰਗਾ-ਚਿੱਟਾ ਧੋਖਾ ਕੀਤਾ ਜਾ ਰਿਹਾ ਹੈ, ਠੇਕਾ ਮੁਲਾਜ਼ਮ ਸੰਘਰਸ਼ ਮੋਰਚਾ ਪੰਜਾਬ, ਜਿਸ ਦੇ ਹੱਲ ਲਈ ਵੱਖ-ਵੱਖ ਸ਼ਹਿਰਾਂ ਵਿੱਚ ਸੰਘਰਸ਼ ਕਰਨ ਦੇ ਬਾਵਜੂਦ ਠੇਕਾ ਮੁਲਾਜ਼ਮਾਂ ਦੀਆਂ ਮੰਗਾਂ ਨੂੰ ਲੈ ਕੇ ਮੁੱਖ ਮੰਤਰੀ ਨੇ 20 ਵਾਰ ਮੁੱਖ ਮੰਤਰੀ ਨਾਲ ਪੈਨਲ ਮੀਟਿੰਗਾਂ ਕਰਨ ਦੀ ਲਿਖਤੀ ਪ੍ਰਵਾਨਗੀ ਦਿੱਤੀ ਹੈ, ਪਰ ਪੰਜਾਬ ਸਰਕਾਰ ਵੱਲੋਂ ਮੀਟਿੰਗ ਨਹੀਂ ਹੋਈ ਤੇ ਪੰਜਾਬ ਸਰਕਾਰ ਨੇ ਪਿਛਲੀਆਂ ਸਰਕਾਰਾਂ ਵਾਂਗ ਹੀ

ਕੇਂਦਰ ਸਰਕਾਰ ਅਤੇ ਵਿਸ਼ਵ ਵਪਾਰ ਸੰਸਥਾ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸਾਰੇ ਸਰਕਾਰੀ ਵਿਭਾਗਾਂ ਦਾ ਨਿੱਜੀਕਰਨ ਕਰਨ ਦਾ ਫੈਸਲਾ ਕੀਤਾ ਹੈ ਅਤੇ ਸਾਰੇ ਸਰਕਾਰੀ ਵਿਭਾਗਾਂ ਦਾ ਕੰਮ ਦੇ ਬੋਝ ਅਨੁਸਾਰ ਕੀਤਾ ਜਾਂਦਾ ਸੀ। ਫਰੰਟ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸਰਕਾਰੀ ਵਿਭਾਗਾਂ ਦੇ ਸਮੂਹ ਗਰੁੱਪ ਆਊਟਸੋਰਸਡ ਤੇ ਇਨਵੈਸਟਮੈਂਟ ਕੰਟਰੈਕਟ ਮੁਲਾਜ਼ਮਾਂ ਨੂੰ ਤਜਰਬੇ ਦੇ ਆਧਾਰ 'ਤੇ ਵਿਭਾਗਾਂ ਵਿੱਚ ਰਲੇਵਾਂ ਕਰਕੇ ਪੱਕਾ ਕੀਤਾ ਜਾਵੇ, ਪੰਜਵੀਂ ਲੇਬਰ ਕਾਨਫਰੰਸ ਵਿੱਚ ਸਹਿਮਤੀ ਦੇ ਫਾਰਮੂਲੇ ਦਿੱਤੇ ਜਾਣ ਤੇ ਠੇਕਾ ਮੁਲਾਜ਼ਮਾਂ ਦੀਆਂ ਤਨਖਾਹਾਂ ਤੈਅ ਕੀਤੀਆਂ ਜਾਣ।ਮਹਿੰਗਾਈ ਦੇ ਹਿਸਾਬ ਨਾਲ ਘੱਟੋ-ਘੱਟ 30 ਹਜ਼ਾਰ ਰੁਪਏ ਦਿੱਤੇ ਜਾਣ, ਸਾਰੇ ਸਰਕਾਰੀ ਵਿਭਾਗਾਂ ਦੇ ਨਿੱਜੀਕਰਨ ਦੀ ਨੀਤੀ ਰੱਦ ਕੀਤੀ ਜਾਵੇ, ਵਿਭਾਗਾਂ ਤੇ ਠੇਕਾ ਮੁਲਾਜ਼ਮਾਂ ਦੀ ਐਨ੍ਹੀ ਲੁੱਟ ਬੰਦ ਕੀਤੀ ਜਾਵੇ ਅਤੇ ਠੇਕੇਦਾਰਾਂ ਅਤੇ ਕੰਪਨੀਆਂ ਨੂੰ ਵਿਭਾਗਾਂ ਵਿੱਚੋਂ ਕੱਢ ਕੇ ਬੰਦ ਕੀਤਾ ਜਾਵੇ ਅਤੇ ਕਿਸਾਨਾਂ ਸਮੇਤ ਹਰ ਵਰਗ ਦੇ ਠੇਕਾ ਮੁਲਾਜ਼ਮਾਂ ਦੀਆਂ ਸਮੂਹਿਕ ਮੰਗਾਂ ਮੰਨੀਆਂ ਜਾਣ।

ਕਾਤਰਾਂ

ਦਾਜ ਦੇ ਕੇਸ 'ਚੋਂ ਬਰੀ

ਜੈਤੋ (ਸਤੀਸ਼ ਕੁਮਾਰ ਭੀਰੀ)-ਜੈਤੋ ਦੀ ਕੋਰਟ ਵਿੱਚ ਗੁਰਜੰਟ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀ ਜਗਰਾਉਂ, ਜਿਸ ਵਿਰੁੱਧ ਦਹੇਜ ਦਾ ਮੁਕੱਦਮਾ ਨੰਬਰ 38 ਮਿਤੀ ਇੱਕ ਮਈ 2018 ਜ਼ੇਰੇ ਧਾਰਾ 498 ਏ ਆਈ ਪੀ ਸੀ ਥਾਣਾ ਜੈਤੋ ਵਿਖੇ ਦਰਜ ਹੋਇਆ ਸੀ ਦੀ ਹੋਈ ਬਹਿਸ ਦੌਰਾਨ ਗੁਰਜੰਟ ਸਿੰਘ ਦੇ ਵਕੀਲ ਅਮਿਤ ਕੁਮਾਰ ਮਿੱਤਲ ਦੀਆਂ ਜ਼ੋਰਦਾਰ ਦਲੀਲਾਂ ਤੋਂ ਸਹਿਮਤ ਹੁੰਦਿਆਂ ਮਾਨਯੋਗ ਸਬ ਡਵੀਜ਼ਨਲ ਜੁਡੀਸ਼ੀਅਲ ਮੈਜਿਸਟ੍ਰੇਟ ਹਰਪ੍ਰੀਤ ਸਿੰਘ ਵੱਲੋਂ ਗੁਰਜੰਟ ਸਿੰਘ ਨੂੰ ਬਰੀ ਕਰਨ ਦਾ ਹੁਕਮ ਸੁਣਾਇਆ ਗਿਆ।ਇਸ ਮੌਕੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਗੁਰਜੰਟ ਸਿੰਘ ਨੇ ਕਿਹਾ ਕਿ ਉਹ ਬੇਕਸੂਰ ਹੈ ਤੇ ਉਸ ਨੇ ਕਦੇ ਦਹੇਜ ਦੀ ਮੰਗ ਨਹੀਂ ਕੀਤੀ, ਪ੍ਰੰਤੂ ਮੇਰੇ ਖਿਲਾਫ ਝੂਠਾ ਮੁਕੱਦਮਾ ਦਰਜ ਹੋਇਆ ਸੀ, ਅੱਜ ਮਾਨਯੋਗ ਅਦਾਲਤ ਦੇ ਫੈਸਲੇ ਨਾਲ ਸਚਾਈ ਦੀ ਜਿੱਤ ਹੋਈ ਹੈ।

ਭਗੌੜੇ ਨੂੰ ਪੀ ਓ ਸਟਾਫ ਨੇ ਦਬੋਚਿਆ

ਜਲਾਲਾਬਾਦ (ਜੀਤ ਕੁਮਾਰ)-ਪੀ ਓ ਸਟਾਫ ਫਾਜ਼ਿਲਕਾ ਵੱਲੋਂ ਚੋਰੀ ਦੇ ਕੇਸ ਵਿਚ ਪਿਛਲੇ ਇਕ ਸਾਲ ਤੋਂ ਚੱਲ ਰਹੇ ਭਗੌੜੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸੰਬੰਧੀ ਪੀ ਓ ਸਟਾਫ ਦੇ ਇੰਚਾਰਜ ਏ ਐਸ ਆਈ ਰਤਨ ਲਾਲ ਨੇ ਦੱਸਿਆ ਕਿ ਸੰਦੀਪ ਸਿੰਘ ਪੁੱਤਰ ਇਕਬਾਲ ਸਿੰਘ ਵਾਸੀ ਚੱਕ ਮੋਚਨ ਵਾਲਾ ਉਰਫ ਹੀਰੇਵਾਲਾ ਦੇ ਖਿਲਾਫ ਮੁਕੱਦਮਾ ਮਿਤੀ 27-07-2021 ਨੂੰ ਧਾਰਾ 379 ਅਤੇ 411 ਆਈ ਪੀ ਸੀ ਤਹਿਤ ਥਾਣਾ ਸਿਟੀ ਜਲਾਲਾਬਾਦ ਵਿਖੇ ਦਰਜ ਹੋਇਆ ਸੀ। ਇਸ ਨਾਮਜ਼ਦ ਵਿਅਕਤੀ ਸੰਦੀਪ ਸਿੰਘ ਨੂੰ ਮਾਨਯੋਗ ਅਦਾਲਤ ਵੱਲੋਂ ਮਿਤੀ 24-01-2024 ਨੂੰ ਪੀ ਓ 82/83 ਸੀ ਆਰ ਪੀ ਸੀ ਤਹਿਤ ਭਗੌੜਾ ਘੋਸ਼ਿਤ ਕੀਤਾ ਗਿਆ ਸੀ। ਜ਼ਿਲ੍ਹਾ ਫਾਜ਼ਿਲਕਾ ਐਸ ਐਸ ਪੀ ਵਰਿੰਦਰ ਸਿੰਘ ਬਰਾੜ, ਐਸ ਪੀ ਡੀ ਪ੍ਰਦੀਪ ਸਿੰਘ ਸੰਧੂ ਅਤੇ ਡੀ ਐਸ ਪੀ (ਡੀ.) ਰਛਪਾਲ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅੱਜ ਪੀ ਓ ਸਟਾਫ ਵੱਲੋਂ ਇਸ ਭਗੌੜੇ ਵਿਅਕਤੀ ਨੂੰ ਗ੍ਰਿਫਤਾਰ ਕਰਕੇ ਅਗਲੀ ਕਾਰਵਾਈ ਲਈ ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਦੇ ਹਵਾਲੇ ਕਰ ਦਿੱਤਾ ਗਿਆ ਹੈ। ਇਸ ਮੌਕੇ ਏ ਐਸ ਆਈ. ਰਤਨ ਲਾਲ, ਏ ਐਸ ਆਈ ਸਵਾਰ ਸਿੰਘ, ਏ ਐਸ ਆਈ ਰਮੇਸ਼ ਕੁਮਾਰ, ਐਚ ਸੀ ਜਰਨੈਲ ਸਿੰਘ, ਜਸਵਿੰਦਰ ਸਿੰਘ, ਐਚ ਸੀ ਪ੍ਰੇਮ ਸਿੰਘ, ਸੋਹਨ ਸਿੰਘ, ਸੁਨੀਤਾ ਰਾਣੀ ਹਾਜ਼ਰ ਸਨ।

ਔਰਤ ਨੂੰ ਤੰਗ ਪ੍ਰੇਸ਼ਾਨ ਕਰਨ ਤੇ ਧਮਕਾਉਣ ਦੇ ਦੋਸ਼ 'ਚ ਦੋ ਔਰਤਾਂ ਸਣੇ ਛੇ ਵਿਰੁੱਧ ਕੇਸ ਦਰਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਇੱਕ ਮਰਹੂਮ ਵਿਧਾਇਕ ਦੇ ਪਰਿਵਾਰਕ ਮੈਂਬਰਾਂ ਸਣੇ 6 ਵਿਅਕਤੀਆਂ ਨੂੰ ਬਡਾਲੀ ਆਲਾ ਸਿੰਘ ਪੁਲਸ ਵੱਲੋਂ ਇੱਕ ਮੁਕੱਦਮੇ 'ਚ ਨਾਮਜ਼ਦ ਕੀਤੇ ਜਾਣ ਦਾ ਸਮਾਚਾਰ ਹੈ।ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਇੱਕ ਵਿਆਹੁਤਾ ਔਰਤ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਸ ਦੇ ਸਹੁਰੇ ਰਣਧੀਰ ਸਿੰਘ ਨੇ ਹਰਪ੍ਰੀਤ ਕੌਰ ਸ਼ਾਹਪੁਰ ਦੀ ਮੱਦਦ ਨਾਲ ਇੱਕ ਬੰਦ ਪਿਆ ਪੈਟਰੋਲ ਪੰਪ ਸ਼ਿਕਾਇਤਕਰਤਾ ਦੇ ਪਰਿਵਾਰ ਨੂੰ ਦਵਾਇਆ ਸੀ ਤੇ ਜਦੋਂ ਉਕਤ ਪੈਟਰੋਲ ਪੰਪ ਚੱਲਣ ਲੱਗ ਪਿਆ ਤਾਂ ਹਰਪ੍ਰੀਤ ਕੌਰ ਸ਼ਾਹਪੁਰ ਦੇ ਪਰਿਵਾਰ ਨੇ ਪੰਪ 'ਤੇ ਕਬਜ਼ਾ ਕਰ ਲਿਆ, ਜਿਸ ਦੇ ਸਬੰਧ 'ਚ ਉਨ੍ਹਾਂ ਵਿਰੁੱਧ ਥਾਣਾ ਸਰਹਿੰਦ ਵਿਖੇ ਮੁਕੱਦਮਾ ਦਰਜ ਹੋ ਗਿਆ।ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਦੇ ਪੇਕੇ ਪਰਿਵਾਰ 'ਤੇ ਇਸ ਮਾਮਲੇ 'ਚ ਸਮਝੌਤਾ ਕਰਨ ਲਈ ਦਬਾਅ ਬਣਾਉਣ ਲਈ ਉਸ ਦਾ ਪਤੀ ਹਰਦੀਪ ਸਿੰਘ, ਸਹੁਰਾ ਰਣਧੀਰ ਸਿੰਘ, ਗੁਰਪ੍ਰੀਤ ਸਿੰਘ ਸ਼ਾਹਪੁਰ, ਨਣਦ ਨਵਜੋਤ ਕੌਰ ਤੇ ਨਣਦੋਈਆ ਅਮਨਦੀਪ ਸਿੰਘ ਉਸ ਨੂੰ ਤੰਗ ਪ੍ਰੇਸ਼ਾਨ ਕਰਨ ਲੱਗ ਪਏ ਤੇ ਸ਼ਿਕਾਇਤਕਰਤਾ ਦੇ ਕਮਰੇ ਵਿੱਚ ਕੈਮਰਾ ਲਗਾ ਕੇ ਉਸ ਦੀਆਂ ਇਤਰਾਜ਼ਯੋਗ ਫੋਟੋਆਂ ਤੇ ਵੀਡੀਓ ਬਣਾ ਕੇ ਇੰਟਰਨੈੱਟ 'ਤੇ ਪਾਉਣ ਅਤੇ ਉਸ ਦੇ ਭਰਾ ਨੂੰ ਮਰਵਾਉਣ ਦੀਆਂ ਧਮਕੀਆਂ ਦੇਣ ਲੱਗੇ।ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਥਾਣਾ ਬਡਾਲੀ ਆਲਾ ਸਿੰਘ ਵਿਖੇ ਉਕਤ ਮੁਲਜ਼ਮਾਂ ਖਿਲਾਫ ਕੇਸ ਦਰਜ ਕਰਕੇ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

ਜਮਹੂਰੀ ਅਧਿਕਾਰ ਸਭਾ ਦਾ ਜ਼ਿਲ੍ਹਾ ਅਜਲਾਸ 24 ਨੂੰ

ਸੰਗਰੂਰ (ਪ੍ਰਵੀਨ ਸਿੰਘ)-ਜਮਹੂਰੀ ਅਧਿਕਾਰ ਸਭਾ ਪੰਜਾਬ ਦੀ ਇਕਾਈ ਸ

20-March-PAGE-8.qxd 3/19/2024 10:59 PM Page 1

ਮੁੱਖ ਮੰਤਰੀ ਵੱਲੋਂ ਸੌਂਪੀ ਗਈ ਜ਼ਿੰਮੇਵਾਰੀ ਤਨਦੇਹੀ ਨਾਲ ਨਿਭਾਵਾਂਗਾ : ਪ੍ਰਿੰ. ਪ੍ਰੇਮ ਕੁਮਾਰ

ਫਿਲੌਰ (ਨਿਰਮਲ) ਆਮ ਆਦਮੀ ਪਾਰਟੀ ਹਲਕਾ ਫਿਲੌਰ ਦੇ ਇੰਚਾਰਜ ਪ੍ਰਿੰਸੀਪਲ ਪ੍ਰੇਮ ਕੁਮਾਰ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਦੇਖਦੇ ਹੋਏ ਪਾਰਟੀ ਵੱਲੋਂ ਸਿੱਖਿਆ ਵਿਭਾਗ ਦਾ ਵਾਰਿਸ ਚੈਅਰਮੈਨ ਥਾਪਨ ਦੀ ਖੁਸ਼ੀ 'ਚ ਅਕਾਲ ਪੁਰਖ ਜੀ ਦੇ ਸ਼ੁਕਰਾਨੇ ਵਜੋਂ ਗੁਰਦੁਆਰਾ ਰਣਜੀਤ ਸਿੰਘ ਗੜ੍ਹ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦਾ ਭੋਗ ਪਾਇਆ ਗਿਆ। ਇਸ ਮੌਕੇ ਹਲਕਾ ਫਿਲੌਰ ਦੇ ਆਗੂਆਂ ਨੇ ਸ਼ਿਰਕਤ ਕੀਤੀ ਅਤੇ ਪ੍ਰਿੰਸੀਪਲ ਪ੍ਰੇਮ ਕੁਮਾਰ ਨੂੰ ਮੁਬਾਰਕਾਂ ਦਿੱਤੀਆਂ। ਸਮਾਗਮ ਮੌਕੇ ਪ੍ਰਿੰਸੀਪਲ ਪ੍ਰੇਮ ਕੁਮਾਰ ਨੇ ਆਪਣੇ ਸੰਬੋਧਨ 'ਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਪਾਰਟੀ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਆਮ ਲੋਕਾਂ ਦੀ ਸੇਵਾ ਲਈ ਯੋਗ ਉਪਰਾਲੇ ਕਰਦੇ ਰਹਿਣਗੇ। ਇਸ ਮੌਕੇ ਪਾਰਟੀ ਆਗੂਆਂ ਨੇ ਪ੍ਰਿੰਸੀਪਲ ਪ੍ਰੇਮ ਕੁਮਾਰ ਨੂੰ ਸਿਰੋਪਾਓ ਭੇਟ ਕਰਕੇ ਸਨਮਾਨਿਤ ਵੀ ਕੀਤਾ। ਆਤਮ ਪ੍ਰਕਾਸ਼ ਸਿੰਘ ਬੱਬਲੂ ਜਨਰਲ ਸਕੱਤਰ, ਕਸ਼ਮੀਰ ਸਿੰਘ ਮੱਲ੍ਹੀ ਚੈਅਰਮੈਨ ਇੰਪਰੂਵਮੈਂਟ ਟਰੱਸਟ ਫਗਵਾੜਾ, ਰੋਸ਼ਨ ਲਾਲ ਰੋਸੀ ਚੇਅਰਮੈਨ ਮਾਰਕੀਟ ਕਮੇਟੀ ਫਿਲੌਰ, ਜਗਤ ਰਾਮ ਭੱਟੀ ਨਗਰ, ਅਮਰੀਕ ਸਿੰਘ ਭਾਰਸਿੰਘਪੁਰੀ ਜਿਲ੍ਹਾ ਪ੍ਰਧਾਨ ਭਾਰਤੀ ਕਿਸਾਨ ਯੂਨੀਅਨ ਕਾਦੀਆਂ, ਕਮਲਜੀਤ ਸਿੰਘ ਗੰਨਾ ਪਿੰਡ, ਡਾ.ਰਾਕੇਸ਼ ਸ਼ਰਮਾ, ਡਾਕਟਰ ਵੈਭਵ ਸ਼ਰਮਾ, ਪ੍ਰਧਾਨ ਮਹਿੰਦਰ ਪਾਲ, ਕੌਂਸਲਰ ਯਸ਼ ਪਾਲ ਗਿੰਢਾ, ਕੌਂਸਲਰ ਸੰਕਰ ਸੰਧੂ, ਹਰਕਮਲ ਸਿੰਘ ਬੇਗਮਪੁਰ, ਕੌਂਸਲਰ ਸੁਰਿੰਦਰ ਕੈਂਥ, ਸਾਬਕਾ ਕੌਂਸਲਰ ਪਰਮਜੀਤ ਭਾਰਤੀ, ਬਲਿਹਾਰ ਮੁਠੱਡਾ, ਕੌਂਸਲਰ ਰਾਜ ਕੁਮਾਰ ਸੰਧੂ, ਸੁਰਿੰਦਰ ਬੱਛੋਵਾਲ, ਅਜਵਿੰਦਰ ਸਿੰਘ ਗੁਰਾਇਆ,ਸੀਮਾ ਬੰਡਾਲਾ, ਸੁੱਖਾ ਬੰਡਾਲਾ, ਮੁਕੇਸ ਗਾਬਾ,ਪੂਰਨ ਚੰਦ ਸਰਮਾ, ਪ੍ਰਿਥੀਪਾਲ ਸਿੰਘ ਖਹਿਰਾ, ਨਿਰਮਲ ਭੱਟੀ, ਦੀਪਕ ਰਸੂਲਪੁਰੀ, ਰਾਜ ਕੁਮਾਰ ਹੰਸ, ਰਵੀ ਸਰੋਏ, ਰਾਜੇਸ਼ ਰੋਕਸ਼ੀ, ਸੌਢੀ ਰਾਮ ਘੁੜਕਾ, ਪਰਮਿੰਦਰ ਮਾਹਲ, ਵਰਿੰਦਰ ਸੈਣੀ, ਡਾਕਟਰ ਬਲਜੀਤ ਛੋਕਰਾ, ਲਾਡੀ ਬਸਰਾ, ਰੇਸ਼ਮ ਸਿੰਘ ਮਸਾਣੀ, ਤਰਸੇਮ ਸਿੰਘ ਸੰਗਤਪੁਰ, ਐਡਵੋਕੇਟ ਸੁਨੀਤਾ ਮਹਿਮੀ, ਯਾਦਵਿੰਦਰ ਗਿਆਨੀ, ਸੰਤੋਖ ਸਿੰਘ ਗਿੱਲ, ਦੀਪਾ ਮਹਿਮੀ ਬਕਾਪੁਰ ਪੀਏ ਅਤੇ ਹੋਰ ਹਾਜ਼ਰ ਸਨ।

ਆਮ ਆਦਮੀ ਪਾਰਟੀ ਨੇ ਲੋਕ ਸਭਾ ਚੋਣਾਂ ਲਈ ਚੋਣ ਪ੍ਰਚਾਰ ਕੀਤਾ ਤੇਜ਼ : ਬਰਸਟ

ਚੰਡੀਗੜ੍ਹ, (ਗੁਰਜੀਤ ਬਿੱਲਾ) - ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕਿਹਾ ਕਿ ਅਗਾਮੀ ਲੋਕ ਸਭਾ ਚੋਣਾਂ ਲਈ 'ਆਪ' ਨੇ ਚੋਣ ਪ੍ਰਚਾਰ ਨੂੰ ਤੇਜ਼ ਕਰ ਦਿੱਤਾ ਹੈ। 'ਆਪ' ਵਰਕਰਾਂ ਤੇ ਵਲੰਟੀਅਰਾਂ ਵੱਲੋਂ ਪੰਜਾਬ ਦੀਆਂ ਸਾਰੀਆਂ ਲੋਕ ਸਭਾ ਸੀਟਾਂ 'ਤੇ ਘਰ-ਘਰ ਜਾ ਕੇ 'ਆਪ' ਸਰਕਾਰ ਵੱਲੋਂ ਦੋ ਸਾਲਾਂ 'ਚ ਕੀਤੇ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਦੋ ਸਾਲਾਂ ਵਿੱਚ ਕੀਤੇ ਕੰਮਾਂ ਤੋਂ ਬਹੁਤ ਖੁਸ਼ ਹਨ, ਜੋ ਕਿ ਲੋਕ ਸਭਾ ਚੋਣਾਂ ਵਿੱਚ ਵੀ ਸਾਰੀਆਂ ਸੀਟਾਂ 'ਤੇ 'ਆਪ' ਉਮੀਦਵਾਰਾਂ ਨੂੰ ਯਕੀਨੀ ਜਿੱਤ ਦਵਾਉਣਗੇ। ਸ੍ਰੀ ਬਰਸਟ ਨੇ ਕਿਹਾ ਕਿ 'ਆਪ' ਦੇ ਕਨਵੀਨਰ ਅਰਵਿੰਦ ਕੇਰਜੀਵਾਲ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 'ਆਪ' ਸਰਕਾਰ ਨੇ ਦੋ ਸਾਲਾਂ 'ਚ ਸਿੱਖਿਆ ਤੇ ਸਿਹਤ ਦੇ ਖੇਤਰ ਵਿੱਚ ਮਿਸਾਲ ਯੋਗ ਕੰਮ ਕੀਤੇ ਹਨ, ਜਿਸ ਨਾਲ ਆਮ ਲੋਕਾਂ ਨੂੰ ਬਹੁਤ ਲਾਭ ਮਿਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸੂਬੇ ਦੇ 90 ਫ਼ੀਸਦੀ ਤੋਂ ਵੱਧ ਪਰਵਾਰਾਂ ਨੂੰ 600 ਯੂਨਿਟ ਮੁਫ਼ਤ ਬਿਜਲੀ ਦਿੱਤੀ ਜਾ ਰਹੀ ਹੈ। ਇਸ ਤੋਂ ਇਲਾਵਾ ਸੂਬਾ ਸਰਕਾਰ ਨੇ ਦੋ ਸਾਲਾਂ ਦੌਰਾਨ 42 ਹਜ਼ਾਰ ਦੇ ਕਰੀਬ ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਕਰਵਾਇਆ ਹੈ। 'ਆਪ' ਪੰਜਾਬ ਦੇ ਜਨਰਲ ਸਕੱਤਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਭਾਜਪਾ ਨੇ ਲੋਕਾਂ ਨਾਲ ਜੋ ਵਾਅਦੇ ਕੀਤੇ ਸਨ, ਉਹ ਕਦੇ ਵੀ ਪੂਰੇ ਨਹੀਂ ਕੀਤੇ ਹਨ। ਇਸੇ ਕਰਕੇ ਪੰਜਾਬ ਦੇ ਲੋਕਾਂ ਨੇ ਦੇਸ਼ 'ਤੇ 70 ਸਾਲ ਰਾਜ ਕਰਨ ਵਾਲੀਆਂ ਪਾਰਟੀਆਂ ਨੂੰ ਪਾਸੇ ਹਟਾ ਕੇ ਆਮ ਲੋਕਾਂ ਨੂੰ ਸੱਤਾ ਚਲਾਉਣ ਦਾ ਮੌਕਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਅੱਜ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਭਾਜਪਾ ਆਪਣੀ ਹੋਂਦ ਬਚਾਉਣ ਲਈ ਚੋਣਾਂ ਲੜ ਰਹੇ ਹਨ। ਸ੍ਰੀ ਬਰਸਟ ਨੇ ਕਿਹਾ ਕਿ ਪੰਜਾਬ 'ਚ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਸਿਆਸਤ ਹਾਸ਼ੀਏ 'ਤੇ ਹੈ। ਸਿਆਸੀ ਜਮੀਨ ਤਲਾਸ਼ਦੇ ਹੋਏ ਅਕਾਲੀ ਦਲ ਵੱਲੋਂ ਪੰਜਾਬ ਦੇ ਹਿੱਤਾਂ ਨੂੰ ਛੱਡ ਕੇ ਆਪਣੇ ਨਿੱਜੀ ਸਵਾਰਥ ਨੂੰ ਉੱਪਰ ਰੱਖਿਆ ਹੋਇਆ ਹੈ। ਸੁਖਬੀਰ ਸਿੰਘ ਬਾਦਲ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ ਅਤੇ ਪਾਰਟੀ ਵਿੱਚ ਆਪਸੀ ਖਿੱਚਤਾਨ ਚੱਲ ਰਹੀ ਹੈ। ਸ੍ਰੀ ਬਰਸਟ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 'ਆਪ' ਪੰਜਾਬ ਦੀਆਂ ਸਾਰੀਆਂ 13 ਲੋਕ ਸਭਾ ਸੀਟਾਂ 'ਤੇ ਵੱਡੇ ਅੰਤਰ ਨਾਲ ਜਿੱਤ ਹਾਸਲ ਕਰੇਗੀ।

ਗਿਆਰਾਂ ਹਜ਼ਾਰ ਲੀਟਰ ਲਾਹਨ ਬਰਾਮਦ

ਜਲੰਧਰ (ਸੁਰਿੰਦਰ ਕੁਮਾਰ) ਜ਼ਿਲ੍ਹਾ ਆਬਕਾਰੀ ਵਿਭਾਗ ਵੱਲੋਂ ਸਤਲੁਜ ਦਰਿਆ ਦੇ ਕੰਢੇ ਵੱਡਾ ਸਰਚ ਆਪ੍ਰੇਸ਼ਨ ਚਲਾਇਆ ਗਿਆ। ਨਵਜੀਤ ਸਿੰਘ ਸਹਾਇਕ ਕਮਿਸ਼ਨਰ (ਆਬਕਾਰੀ) ਰੇਂਜ ਜਲੰਧਰ ਵੈਸਟ ਨੇ ਦੱਸਿਆ ਕਿ ਉਪ ਕਮਿਸ਼ਨਰ (ਆਬਕਾਰੀ) ਪਰਮਜੀਤ ਸਿੰਘ ਦੀ ਸਰਪ੍ਰਸਤੀ ਹੇਠ ਜਲੰਧਰ ਈਸਟ ਅਤੇ ਜਲੰਧਰ ਵੈਸਟ ਰੇਂਜ ਦੀਆਂ ਟੀਮਾਂ ਵੱਲੋਂ ਆਬਕਾਰੀ ਅਫਸਰ ਸੁਨੀਲ ਗੁਪਤਾ, ਸਰਵਣ ਸਿੰਘ ਢਿੱਲੋਂ, ਸਾਹਿਲ ਰੰਗਾ ਅਤੇ ਹਰਜਿੰਦਰ ਸਿੰਘ ਆਬਕਾਰੀ ਇੰਸਪੈਕਟਰਾਂ ਦੀ ਟੀਮ ਨੇ ਆਬਕਾਰੀ ਪੁਲਸ ਸਮੇਤ ਸਤਲੁਜ ਦਰਿਆ ਦੇ ਕੰਢੇ ਪੈਂਦੇ ਪਿੰਡਾਂ ਮਿਓਂਵਾਲ, ਭੋਲੇਵਾਲ, ਮਾਊਂ ਸਾਹਿਬ, ਭੋਡੇ, ਘਰਾੜਾ, ਸੰਘੋਵਾਲ, ਬੁਰਜ ਅਤੇ ਬੂਟੇ ਦੀਆਂ ਛੰਨਾਂ ਵਿਖੇ ਛਾਪੇਮਾਰੀ ਕੀਤੀ ਗਈ। ਛਾਪੇਮਾਰੀ ਦੌਰਾਨ ਦੋ ਚਲਦੀਆਂ ਭੱਠੀਆਂ ਅਤੇ 22 ਪਲਾਸਟਿਕ ਦੀਆਂ ਤਰਪਾਲਾਂ ਫੜੀਆਂ, ਜਿੰਨ੍ਹਾਂ ਵਿਚ ਲਗਭਗ 11 ਹਜ਼ਾਰ ਲੀਟਰ ਲਾਹਨ ਬਰਾਮਦ ਕੀਤੀ ਗਈ। ਇਸ ਤੋਂ ਇਲਾਵਾ ਇਕ ਨਜਾਇਜ਼ ਸ਼ਰਾਬ ਦੀ ਟਿਊਬ ਜਿਸ ਵਿਚ ਲਗਭਗ 80 ਬੋਤਲਾਂ ਨਜਾਇਜ਼ ਸ਼ਰਾਬ ਅਤੇ 4 ਲੋਹੇ ਦੇ ਡਰੰਮ ਫੜੇ ਗਏ। ਸਾਰਾ ਸਮਾਨ ਮੌਕੇ ਉੱਪਰ ਹੀ ਨਸ਼ਟ ਕਰ ਦਿੱਤਾ ਗਿਆ।

ਸਰਗੁੰਦੀ 'ਚ ਅੱਖਾਂ ਦਾ ਫਰੀ ਕੈਂਪ

ਫਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)- ਪ੍ਰਵਾਸੀ ਭਾਰਤੀਆਂ ਵੱਲੋਂ ਜ਼ਿਲ੍ਹਾ ਜਲੰਧਰ ਦੇ ਪਿੰਡ ਸਰਗੁੰਦੀ (ਗੁਰਾਇਆ) ਵਿਖੇ ਡਾ. ਰਾਜਨ ਆਈ ਕੇਅਰ ਹਸਪਤਾਲ ਗੁਰੂ ਹਰਗੋਬਿੰਦ ਨਗਰ ਫਗਵਾੜਾ ਦੇ ਸਹਿਯੋਗ ਨਾਲ ਅੱਖਾਂ ਦਾ ਫਰੀ ਜਾਂਚ ਅਤੇ ਅਪਰੇਸ਼ਨ ਕੈਂਪ ਲਗਾਇਆ ਗਿਆ। ਜਿਸ ਵਿੱਚ 460 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ ਲੋੜਵੰਦਾਂ ਨੂੰ ਮੁਫ਼ਤ ਦਵਾਈਆਂ ਅਤੇ ਐਨਕਾਂ ਭੇਟ ਕੀਤੀਆਂ ਗਈਆਂ। 56 ਮਰੀਜ਼ਾਂ ਨੂੰ ਅਪਰੇਸ਼ਨ ਲਈ ਚੁਣਿਆ ਗਿਆ। ਜਿਨ੍ਹਾਂ ਦੇ ਅਪਰੇਸ਼ਨ ਅੱਖਾਂ ਦੇ ਮਾਹਰ ਡਾ. ਐੱਸ. ਰਾਜਨ ਦੀ ਨਿਗਰਾਨੀ ਹੇਠ ਰਾਜਨ ਆਈ ਕੇਅਰ ਵਿਖੇ ਕਰਕੇ ਫੋਲਡੇਬਲ ਲੈਂਸ ਪਾਏ ਜਾਣਗੇ। ਕੈਂਪ ਦੌਰਾਨ ਡਾਕਟਰਾਂ ਦੀ ਟੀਮ ਨੇ ਹਾਜ਼ਰ ਲੋਕਾਂ ਨੂੰ ਅੱਖਾਂ ਦੀ ਦੇਖਭਾਲ ਬਾਰੇ ਜਾਗਰੂਕ ਕੀਤਾ ਅਤੇ ਦੱਸਿਆ ਕਿ ਅੱਖਾਂ ਸਰੀਰ ਦਾ ਬਹੁਤ ਹੀ ਨਾਜ਼ੁਕ ਅੰਗ ਹਨ, ਇਸ ਲਈ ਅੱਖਾਂ ਨਾਲ ਸਬੰਧਤ ਕਿਸੇ ਵੀ ਸਮੱਸਿਆ ਨੂੰ ਨਜ਼ਰਅੰਦਾਜ਼ ਨਹੀਂ ਕਰਨਾ ਚਾਹੀਦਾ ਬਲਕਿ ਮਾਹਰ ਡਾਕਟਰ ਦੀ ਸਲਾਹ ਲੈ ਕੇ ਸਮੇਂ ਸਿਰ ਇਲਾਜ ਕਰਵਾਉਣਾ ਚਾਹੀਦਾ ਹੈ। ਅਖੀਰ ਵਿੱਚ ਪ੍ਰਬੰਧਕਾਂ ਨੇ ਡਾਕਟਰਾਂ ਦੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਮੇਜਰ ਸਿੰਘ, ਮੱਖਣ ਲਾਲ, ਨਰਿੰਦਰ ਸਿੰਘ, ਦਵਿੰਦਰ ਸਿੰਘ ਮਾਨ, ਬਲਵਿੰਦਰ ਬਿਜਲੀ ਵਾਲੇ, ਦੀਪਕ, ਮੇਵਾ ਸਿੰਘ, ਮਦਨ ਲਾਲ, ਜਗਵਿੰਦਰ ਸਿੰਘ, ਹਰਦੀਪ ਸਿੰਘ ਆਦਿ ਹਾਜ਼ਰ ਸਨ।

ਚੋਣਾਂ ਦੇ ਮੱਦੇਨਜ਼ਰ ਪੁਲਸ ਵੱਲੋਂ ਫਲੈਗ ਮਾਰਚ

ਫਿਲੌਰ (ਨਿਰਮਲ) ਲੋਕ ਸਭਾ ਚੋਣਾਂ ਦੇ ਮੱਦੇ ਨਜਰ ਫਿਲੌਰ ਪੁਲਸ ਵੱਲੋਂ ਡੀ ਐਸ ਪੀ ਸਵਰਨਦੀਪ ਸਿੰਘ ਅਤੇ ਐਸ ਐਚ ਓ ਨੀਰਜ ਕੁਮਾਰ ਦੀ ਅਗਵਾਈ ਹੇਠ ਫਿਲੌਰ ਇਲਾਕੇ 'ਚ ਫਲੈਗ ਮਾਰਚ ਕੱਢਿਆ ਗਿਆ। ਇਲਾਕੇ ਦੇ ਸਮੂਹ ਵੋਟਰਾਂ ਨੂੰ ਕਿਹਾ ਕਿ ਉਹ ਬਿਨਾਂ ਕਿਸੇ ਡਰ ਭੈਅ ਦੇ ਆਪਣੀ ਵੋਟ ਦਾ ਇਸਤੇਮਾਲ ਕਰਨ ਅਤੇ ਆਪਣਾ ਮਨ ਪਸੰਦ ਉਮੀਦਵਾਰ ਚੁਣਨ। ਅਸਲਾ ਧਾਰਕਾਂ ਨੂੰ ਕਿਹਾ ਕਿ ਉਹ ਵੋਟਾਂ ਦੇ ਮੱਦੇ ਨਜਰ ਆਪਣਾ ਅਸਲਾ ਸਬੰਧਿਤ ਥਾਣੇ 'ਚ ਜਮਾ ਕਰਵਾਉਣ ਵੋਟਾਂ ਦੀ ਸਮਾਪਤੀ ਤੇ ਵਾਪਸ ਆਪਣਾ ਅਸਲਾ ਲੈ ਸਕਦੇ ਹਨ ਭੈੜੇ ਅਨਸਰਾਂ ਨੂੰ ਸਿਰ ਨਹੀਂ ਚੁੱਕਣ ਦਿੱਤਾ ਜਾਵੇਗਾ। ਇਲਾਕੇ ਵਿੱਚ ਦਿਨ ਰਾਤ ਪੁਲਸ ਗਸਤ ਕਰਾਈ ਜਾਵੇਗੀ ਇਲਾਕਾ ਨਿਵਾਸੀਆਂ ਨੂੰ ਕਿਹਾ ਕਿ ਉਹ ਪੁਲਿਸ ਨੂੰ ਸਹਿਯੋਗ ਦੇਣ ਪੁਲਸ 24 ਘੰਟੇ ਤੁਹਾਡੀ ਸੇਵਾ 'ਚ ਹਾਜ਼ਰ ਰਹੇਗੀ।

ਨੌਜਵਾਨ ਦੀ ਹੋਈ ਮੌਤ ਸੰਬੰਧੀ ਕੇਸ ਦਰਜ

ਫਗਵਾੜਾ, (ਇੰਦਰਜੀਤ ਸਿੰਘ ਮਠਾੜੂ)- ਇਥੋਂ ਦੇ ਪਿੰਡ ਭੁੱਲਾਰਾਈ ਵਿਖੇ ਇੱਕ ਨੌਜਵਾਨ ਦੀ ਘਰ 'ਚੋਂ ਮਿਲੀ ਲਾਸ਼ ਦੇ ਸਬੰਧ 'ਚ ਸਦਰ ਪੁਲਸ ਨੇ ਅਣਪਛਾਤੇ ਵਿਅਕਤੀ ਖਿਲਾਫ਼ ਧਾਰਾ 302 ਤਹਿਤ ਕੇਸ ਦਰਜ ਕੀਤਾ ਹੈ। ਐਸ.ਐਚ.ਓ ਸਦਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਦੇ ਭਰਾ ਅਵਤਾਰ ਸਿੰਘ ਪੁੱਤਰ ਲੇਟ ਜਗਜੀਤ ਸਿੰਘ ਵਾਸੀ ਭੁੱਲਾਰਾਈ ਨੇ ਪੁਲਸ ਨੂੰ ਦਿੱਤੇ ਬਿਆਨਾ 'ਚ ਦੱਸਿਆ ਕਿ ਉਸਦਾ ਭਰਾ ਗੁਰਪ੍ਰੀਤ ਸਿੰਘ ਜੋ ਪਿੰਡ ਵਿਖੇ ਬਣੇ ਮਕਾਨ 'ਚ ਰਹਿੰਦਾ ਸੀ ਤੇ ਜਦੋਂ ਉਹ ਪੁੱਜਾ ਤਾਂ ਦੇਖਿਆ ਕਿ ਉਸਦੀ ਲਾਸ਼ ਪਈ ਸੀ ਜਿਸ ਤੋਂ ਜਾਪਦਾ ਹੈ ਕਿ ਲਾਸ਼ 2-3 ਦਿਨ ਪੁਰਾਣੀ ਹੈ ਤੇ ਕੋਠੇ ਤੋਂ ਡਿੱਗਿਆ ਜਾਪਦਾ ਹੈ ਤੇ ਸੱਟਾਂ ਵੀ ਹਨ। ਜਿਸ ਸਬੰਧ 'ਚ ਪੁਲਸ ਨੇਂ ਅਣਪਛਾਤੇ ਖਿਲਾਫ਼ ਕੇਸ ਦਰਜ ਕੀਤਾ ਹੈ।

ਗੱਡੀ ਦੀ ਭੰਨਤੋੜ ਕਰਨ 'ਤੇ ਕੇਸ ਦਰਜ

ਫਗਵਾੜਾ, 18 ਮਾਰਚ (ਇੰਦਰਜੀਤ ਸਿੰਘ ਮਠਾੜੂ)- ਪਿੰਡ ਪੰਡੋਰੀ ਵਿਖੇ ਇੱਕ ਵਿਅਕਤੀ ਦੇ ਘਰ 'ਚ ਦਾਖ਼ਲ ਹੋ ਕੇ ਉਸਦੀ ਗੱਡੀ ਦੀ ਭੰਨਤੋੜ ਕਰਨ ਦੇ ਮਾਮਲੇ 'ਚ ਸਦਰ ਪੁਲਸ ਨੇ ਤਿੰਨ ਵਿਅਕਤੀਆਂ ਖਿਲਾਫ਼ ਧਾਰਾ 452, 427, 506, 34 ਆਈ.ਪੀ.ਸੀ ਤਹਿਤ ਕੇਸ ਦਰਜ ਕੀਤਾ ਹੈ। ਐਸ.ਐਚ.ਓ ਸਦਰ ਬਲਵਿੰਦਰ ਸਿੰਘ ਭੁੱਲਰ ਨੇ ਦੱਸਿਆ ਕਿ ਗੁਰਸ਼ਰਨ ਸਿੰਘ ਪੁੱਤਰ ਦਲਜੀਤ ਸਿੰਘ ਵਾਸੀ ਪੰਡੋਰੀ ਨੇ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਕਤ ਵਿਅਕਤੀ ਉਸਦੇ ਘਰ ਆਏ ਤੇ ਗੱਡੀ ਦੀ ਭੰਨਤੋੜ ਕੀਤੀ। ਜਿਸ ਸਬੰਧ 'ਚ ਪੁਲਸ ਵਲੋਂ ਸਤਨਾਮ ਸਿੰਘ ਪੁੱਤਰ ਦਰਸ਼ਨ ਸਿੰਘ, ਅਜਾਦਵਿੰਦਰ ਸਿੰਘ ਪੁੱਤਰ ਸਤਨਾਮ ਸਿੰਘ ਤੇ ਕੁਲਬੀਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀਆਨ ਪੰਡੋਰੀ ਖਿਲਾਫ਼ ਕੇਸ ਦਰਜ ਕੀਤਾ ਹੈ।

ਡਾ. ਦਵਿੰਦਰ ਕੁਮਾਰ ਬਣੇ ਨਵੇਂ ਸਿਵਲ ਸਰਜਨ

ਮੋਹਾਲੀ, (ਕ੍ਰਿਸ਼ਨ ਗਰਗ) ਡਾ. ਦਵਿੰਦਰ ਕੁਮਾਰ ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਨਵੇਂ ਸਿਵਲ ਸਰਜਨ ਬਣੇ ਹਨ। ਸੀਨੀਅਰ ਮੈਡੀਕਲ ਅਫ਼ਸਰ ਤੋਂ ਡਿਪਟੀ ਡਾਇਰੈਕਟਰ ਵਜੋਂ ਤਰੱਕੀ ਮਿਲਣ ਮਗਰੋਂ ਮੋਹਾਲੀ ਵਿਖੇ ਉਨ੍ਹਾਂ ਦੀ ਪਹਿਲਾ ਨਿਯੁਕਤੀ ਹੈ। ਉਨ੍ਹਾਂ ਨੇ ਡਾ. ਮਹੇਸ਼ ਕੁਮਾਰ ਆਹੂਜਾ ਦੀ ਥਾਂ ਲਈ ਹੈ, ਜਿਹੜੇ ਪਿਛਲੇ ਦਿਨੀਂ ਸੇਵਾਮੁਕਤ ਹੋ ਗਏ ਸਨ। ਡਾ. ਦਵਿੰਦਰ ਕੁਮਾਰ ਇਸ ਤੋਂ ਪਹਿਲਾਂ ਹੁਸ਼ਿਆਰਪੁਰ ਜ਼ਿਲ੍ਹੇ ਦੇ ਹਾਜੀਪੁਰ ਪ੍ਰਾਇਮਰੀ ਹੈਲਥ ਸੈਂਟਰ 'ਚ ਸੀਨੀਅਰ ਮੈਡੀਕਲ ਅਫ਼ਸਰ ਵਜੋਂ ਸੇਵਾਵਾਂ ਦੇ ਰਹੇ ਸਨ। ਸਿਵਲ ਸਰਜਨ ਦਫ਼ਤਰ ਦੇ ਸੀਨੀਅਰ ਅਧਿਕਾਰੀਆਂ ਤੇ ਹੋਰ ਸਟਾਫ਼ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਡਾ. ਦਵਿੰਦਰ ਕੁਮਾਰ ਸਿਹਤ ਵਿਭਾਗ ਵਿਚ ਸਾਲ 1993 ਵਿਚ ਬਤੌਰ ਮੈਡੀਕਲ ਅਫ਼ਸਰ ਭਰਤੀ ਹੋਏ ਸਨ। ਉਨ੍ਹਾਂ ਦੀ ਪਹਿਲੀ ਨਿਯੁਕਤੀ ਹਾਜੀਪੁਰ ਪ੍ਰਾਇਮਰੀ ਹੈਲਥ ਸੈਂਟਰ 'ਚ ਹੋਈ ਸੀ ਤੇ 2017 ਵਿਚ ਸੀਨੀਅਰ ਮੈਡੀਕਲ ਅਫ਼ਸਰ ਬਣੇ ਸਨ।

ਇਸ ਮੌਕੇ ਗੱਲਬਾਤ ਕਰਦਿਆਂ ਸਿਵਲ ਸਰਜਨ ਨੇ ਆਖਿਆ ਕਿ ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਲੋਕਾਂ ਨੂੰ ਬਿਹਤਰ ਤੇ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਉਨ੍ਹਾਂ ਦੀ ਅੱਵਲ ਤਰਜੀਹ ਹੈ। ਇਸ ਮੌਕੇ ਸਹਾਇਕ ਸਿਵਲ ਸਰਜਨ ਡਾ. ਰੇਨੂੰ ਸਿੰਘ, ਜ਼ਿਲ੍ਹਾ ਸਿਹਤ ਅਫ਼ਸਰ ਡਾ. ਸੁਭਾਸ਼ ਕੁਮਾਰ, ਜ਼ਿਲ੍ਹਾ ਟੀਕਾਕਰਨ ਅਧਿਕਾ

20 March-PAGE-9.qxd 3/19/2024 11:01 PM Page 1

ਪਿੱਟ ਬੁੱਲ ਤੇ ਹੋਰ ਵਿਦੇਸ਼ੀ ਨਸਲਾਂ ਦੇ ਕੁੱਤਿਆਂ 'ਤੇ ਲਗਾਈ ਪਾਬੰਦੀ ਵਿਰੁੱਧ ਕੀਤੀ ਨਾਅਰੇਬਾਜ਼ੀ

ਫਿਲੌਰ (ਨਿਰਮਲ) ਪਿੱਟ ਬੁੱਲ ਅਤੇ ਹੋਰ ਕਈ ਵਿਦੇਸ਼ੀ ਨਸਲਾਂ ਦੇ ਡੋਗਸ ਨੂੰ ਘਰਾਂ ਵਿੱਚ ਨਾ ਰੱਖਣ ਅਤੇ ਬ੍ਰੀਡਿੰਗ ਕਰਨ 'ਤੇ ਕੇਂਦਰ ਸਰਕਾਰ ਵੱਲੋਂ ਲਗਾਈ ਪਾਬੰਦੀ ਤੋਂ ਨਾਖੁਸ਼ ਡੋਗ ਲਵਰਜ਼ ਨੇ ਮੰਗਲਵਾਰ ਨੂੰ ਫਿਲੌਰ ਦੇ ਖੁੱਲ੍ਹੇ ਅਸਮਾਨ ਹੇਠਾਂ ਬਣੇ ਜਲੰਧਰ ਬੱਸ ਸਟੈਂਡ ਵਿਖੇ ਕੇਂਦਰ ਸਰਕਾਰ ਵਿਰੁੱਧ ਨਾਅਰੇਬਾਜ਼ੀ ਕੀਤੀ। ਐਸ.ਜੇ. ਕਨਾਇਲ ਵੈਲਫੇਅਰ ਕਲੱਬ ਦੇ ਪ੍ਰਧਾਨ ਸੁਨੀਲ ਜੱਸਲ ਅਤੇ ਸੈਕਟਰੀ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਸਰਕਾਰ ਵੱਲੋਂ ਡੋਗਸ ਬ੍ਰੀਡਿੰਗ 'ਤੇ ਬੈਨ ਲਗਾ ਕੇ ਉਨ੍ਹਾਂ ਦੇ ਮਨਾਂ ਨੂੰ ਠੇਸ ਪਹੁੰਚਾਈ ਹੈ। ਜਦ ਕਿ ਸਰਕਾਰ ਨੂੰ ਚਾਹੀਦਾ ਹੈ ਕਿ ਇਹ ਬੈਨ ਹਟਾ ਕੇ ਨਵੇਂ ਪੇਟ ਸ਼ੌਪ ਅਤੇ ਬ੍ਰੀਡਿੰਗ ਰੂਲਸ ਵਿੱਚ ਸੋਧ ਕਰੇ। ਉਨ੍ਹਾਂ ਕਿਹਾ ਕਿ ਘਰੇਲੂ ਪਾਲਤੂ ਜਾਨਵਰ ਜ਼ਿਆਦਾ ਤਰ ਘਰ ਵਿੱਚ ਹੀ ਸੀਮਿਤ ਰਹਿੰਦਾ ਹੈ ਕਿਸੇ ਨੂੰ ਕੱਟਦਾ ਨਹੀਂ, ਜ਼ਿਆਦਾ ਸਟਰੀਟ ਡੋਗਜ਼ ਹੀ ਕੱਟਦੇ ਹਨ। ਦੱਸਣਯੋਗ ਹੈ ਕਿ ਪਿਛਲੇ ਲੰਬੇ ਸਮੇਂ ਤੋਂ ਪਿੱਟ ਬੁੱਲ ਅਤੇ ਹੋਰਨਾਂ ਕਈ ਨਸਲਾਂ ਦੇ ਡੋਗਸ ਵੱਲੋਂ ਲਗਾਤਾਰ ਆਮ ਲੋਕਾਂ ਨੂੰ ਕੱਟਣ ਦੇ ਮਾਮਲੇ ਸਾਹਮਣੇ ਆਉਂਦੇ ਸਨ,ਜਿਸ ਦੇ ਚੱਲਦਿਆਂ ਹੀ ਸਰਕਾਰ ਵੱਲੋਂ ਇਨ੍ਹਾਂ ਡੋਗਾਂ ਦੀ ਨਸਲ ਨੂੰ ਬੈਨ ਕੀਤਾ ਗਿਆ ਹੈ। ਪ੍ਰਦਰਸ਼ਨਕਾਰੀਆਂ ਵਿੱਚ ਦੀਪੀਕਾ ਸ਼ਰਮਾ, ਸਨੀ ਨਵਾਂਸ਼ਹਿਰ,ਬੋਬੀ ਗੁਲੇਰੀਆ ਲੁਧਿਆਣਾ, ਗੁਰਬਿੰਦਰ ਸਿੰਘ,ਫੌਜੀ ਬੇਅੰਤ ਸਿੰਘ ਖੰਨਾ, ਸ਼ਿਵਮ ਖੰਨਾ ਅਤੇ ਹੋਰ ਹਾਜ਼ਰ ਸਨ।

ਮੁੱਖ ਮੰਤਰੀ ਵੱਲੋਂ ਸ਼ਹੀਦ ਕਾਂਸਟੇਬਲ ਅੰਮ੍ਰਿਤਪਾਲ ਸਿੰਘ ਦੀ ਮੌਤ 'ਤੇ ਦੁੱਖ ਦਾ ਪ੍ਰਗਟਾਵਾ

ਮੁਕੇਰੀਆਂ,—ਸਮਾਜ ਵਿਰੋਧੀ ਅਨਸਰਾਂ ਦਾ ਮੁਕਾਬਲਾ ਕਰਦੇ ਹੋਏ ਡਿਊਟੀ ਦੌਰਾਨ ਆਪਣੀ ਜਾਨ ਕੁਰਬਾਨ ਕਰਨ ਵਾਲੇ ਪੰਜਾਬ ਪੁਲਸ ਦੇ ਕਾਂਸਟੇਬਲ ਅੰਮ੍ਰਿਤਪਾਲ ਸਿੰਘ ਦੀ ਸ਼ਹਾਦਤ 'ਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਡੂੰਘੇ ਦੁੱਖ ਪ੍ਰਗਟਾਵਾ ਕੀਤਾ।ਮੁੱਖ ਮੰਤਰੀ ਨੇ ਕਿਹਾ ਕਿ ਕਾਂਸਟੇਬਲ ਅੰਮ੍ਰਿਤਪਾਲ ਸਿੰਘ ਨੇ ਮੁਕੇਰੀਆਂ ਵਿਖੇ ਆਪਣੀ ਡਿਊਟੀ ਨਿਭਾਉਂਦੇ ਹੋਏ ਸ਼ਹੀਦੀ ਪ੍ਰਾਪਤ ਕੀਤੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਦੁੱਖ ਦੀ ਘੜੀ ਵਿੱਚ ਪੀੜਤ ਪਰਵਾਰ ਨਾਲ ਖੜ੍ਹੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਪੀੜਤ ਪਰਿਵਾਰ ਦਾ ਦੁੱਖ ਵੰਡਾਉਣ ਦੀ ਨਿਮਾਣੀ ਜਿਹੀ ਕੋਸ਼ਿਸ਼ ਹੈ।ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਦੀ ਸੁਰੱਖਿਆ ਲਈ ਆਪਣੀ ਜਾਨ ਕੁਰਬਾਨ ਕਰਨ ਵਾਲੇ ਪੁਲਸ ਮੁਲਾਜ਼ਮਾਂ ਦੇ ਪਰਵਾਰਾਂ ਦੀ ਮਦਦ ਕਰਨਾ ਸੂਬਾ ਸਰਕਾਰ ਦਾ ਪਹਿਲਾ ਫ਼ਰਜ਼ ਹੈ।

ਉਨ੍ਹਾਂ ਕਿਹਾ ਕਿ ਸਰਕਾਰ ਦੀ ਸੈਨਿਕ ਬਲਾਂ (ਹਥਿਆਰਬੰਦ ਬਲਾਂ, ਅਰਧ ਸੈਨਿਕ ਬਲਾਂ ਅਤੇ ਪੁਲਿਸ ਬਲਾਂ) ਦੇ ਜਵਾਨਾਂ ਦੇ ਪਰਵਾਰਾਂ ਦੀ ਭਲਾਈ ਯਕੀਨੀ ਬਣਾਉਣ ਦੀ ਵਚਨਬੱਧਤਾ ਤਹਿਤ ਪੀੜਤ ਪਰਿਵਾਰ ਦੀ ਹਰ ਮਦਦ ਕੀਤੀ ਜਾਵੇਗੀ।ਮਾਨ ਨੇ ਉਮੀਦ ਜ਼ਾਹਰ ਕੀਤੀ ਕਿ ਸਰਕਾਰ ਵੱਲੋਂ ਕੀਤਾ ਗਿਆ ਇਹ ਉਪਰਾਲਾ ਇਕ ਪਾਸੇ ਪੀੜਤ ਪਰਵਾਰ ਦੀ ਮਦਦ ਕਰੇਗਾ ਅਤੇ ਦੂਜੇ ਪਾਸੇ ਉਨ੍ਹਾਂ ਦਾ ਭਵਿੱਖ ਸੁਰੱਖਿਅਤ ਰਹੇਗਾ।

ਵਧੀਕ ਡਿਪਟੀ ਕਮਿਸ਼ਨਰ ਵੱਲੋਂ ਨੌਜਵਾਨਾਂ ਨੂੰ ਵੋਟ ਦੇ ਅਧਿਕਾਰ ਦੀ ਵਰਤੋਂ ਦਾ ਸੱਦਾ

ਜਲੰਧਰ, (ਸ਼ੈਲੀ ਐਲਬਰਟ) ਜ਼ਿਲ੍ਹਾ ਪ੍ਰਸ਼ਾਸਨ ਵਲੋਂ ਨੌਜਵਾਨ ਵੋਟਰਾਂ ਨੂੰ ਅਪਣੀ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਜਾਗਰੂਕ ਕਰਨ ਲਈ ਸਵੀਪ ਪ੍ਰੋਗਰਾਮ ਤਹਿਤ ਵੱਡੇ ਪੱਧਰ 'ਤੇ ਜਾਗਰੂਕਤਾ ਅਭਿਆਨ ਸ਼ੁਰੂ ਕੀਤਾ ਗਿਆ ਹੈ। ਸੀ.ਟੀ.ਇੰਸਟੀਚਿਊਟ ਸ਼ਾਹਪੁਰ ਵਿਖੇ ਕਰਵਾਏ ਗਏ ਜਾਗਰੂਕਤਾ ਅਭਿਆਨ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ ਜਸਬੀਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਲੋਕਾਂ ਵਿੱਚ ਵੋਟ ਦੇ ਅਧਿਕਾਰ ਦਾ ਇਸਤੇਮਾਲ ਕਰਨ ਸਬੰਧੀ ਜਾਗਰੂਕਤਾ ਫੈਲਾਉਣ ਲਈ ਬਹੁਮੰਤਵੀ ਰਣਨੀਤੀ ਅਪਣਾਈ ਗਈ ਹੈ ਤਾਂ ਕਿ ਵੋਟਾਂ ਵਾਲੇ ਦਿਨ ਪਹਿਲੀ ਜੂਨ 2024 ਨੂੰ ਵੱਧ ਤੋਂ ਵੱਧ ਵੋਟ ਫੀਸਦੀ ਨੂੰ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਸਭ ਤੋਂ ਵੱਧ ਵੋਟ ਫੀਸਦੀ ਦੇ ਮਾਮਲੇ ਵਿੱਚ ਜ਼ਿਲ੍ਹਾ ਜਲੰਧਰ ਨੂੰ ਮੋਹਰੀ ਜ਼ਿਲ੍ਹਾ ਬਣਾਉਣ ਲਈ ਲੋਕਤੰਤਰ ਦੇ ਇਸ ਸਭ ਤੋਂ ਵੱਡੇ ਤਿਉਹਾਰ ਵਿੱਚ ਆਪਣੀ ਸਰਗਰਮ ਭਾਗੀਦਾਰੀ ਨੂੰ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਭਾਰਤ ਚੋਣ ਕਮਿਸ਼ਨ ਵਲੋਂ ਵੀ 70 ਫੀਸਦੀ ਤੋਂ ਵੱਧ ਵੋਟ ਫੀਸਦੀ ਦੇ ਟੀਚੇ ਨੂੰ ਹਾਸਿਲ ਕਰਨ ਲਈ ਮਿਸ਼ਨ ਦੀ ਸ਼ੁਰੂਆਤ ਕੀਤੀ ਗਈ ਹੈ ਅਤੇ ਇਹ ਮਿਸ਼ਨ ਨੌਜਵਾਨ ਵੋਟਰਾਂ ਦੀ ਸਰਗਰਮ ਭੂਮਿਕਾ ਨਾਲ ਹੀ ਸੰਭਵ ਹੋ ਸਕਦਾ ਹੈ। ਇਸ ਮੌਕੇ ਵਿਦਿਆਰਥੀਆਂ ਨੂੰ ਈ.ਵੀ.ਐਮ. ਅਤੇ ਵੀ.ਵੀ.ਪੈਟ ਮਸ਼ੀਨਾਂ ਚਲਾਉਣ ਸਬੰਧੀ ਸਿਖਲਾਈ ਵੀ ਦਿੱਤੀ ਗਈ। ਉਨ੍ਹਾਂ ਕਿਹਾ ਕਿ ਇਹ ਸਿਖਲਾਈ ਨੌਜਵਾਨ ਵੋਟਰਾਂ ਨੂੰ ਚੋਣਾਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕਰਨ ਵਿੱਚ ਅਹਿਮ ਭੂਮਿਕਾ ਨਿਭਾਏਗੀ। ਉਨ੍ਹਾਂ ਨੇ ਇਸ ਜਾਗਰੂਕਤਾ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਸਰਕਾਰੀ ਸੰਸਥਾਵਾਂ ਅਤੇ ਵਿਦਿਅਕ ਸੰਸਥਾਵਾਂ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਇਸ ਅਭਿਆਨ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਉਨਾ ਵਲੋਂ ਨੌਜਵਾਨਾਂ ਨੂੰ ਚੋਣਾਂ ਦੌਰਾਨ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਸਹੁੰ ਵੀ ਚੁਕਾਈ ਗਈ।

ਸਰਕਾਰ ਨੇ ਅਨੁਸੂਚਿਤ ਜਾਤੀ ਲੋਕਾਂ ਦਾ ਅਪਮਾਨ ਕੀਤਾ- ਸਿੱਧੂ, ਚੌਧਰੀ

ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ) ਪਿਛਲੇ ਦੋ ਸਾਲ ਤੋਂ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦਾ ਚੇਅਰਮੈਨ ਪੰਜਾਬ ਸਰਕਾਰ ਵਲੋਂ ਨਿਯੁਕਤ ਨਹੀਂ ਕੀਤਾ ਗਿਆ, ਜਿਸ ਕਾਰਨ ਅਨੁਸੂਚਿਤ ਜਾਤੀ ਵਰਗ ਨਾਲ ਧੱਕੇਸ਼ਾਹੀ, ਜਾਤੀ ਵਿਤਕਰਾ,ਅਪਮਾਨਿਤ ਹੋਣ ਦੀਆਂ ਘਟਨਾਵਾਂ ਵਧੀਆਂ ਹਨ, ਪਰ ਸਰਕਾਰ ਨੇ ਜਾਣਬੁੱਝ ਕੇ ਸਾਜਿਸ਼ ਦੇ ਤਹਿਤ ਪਹਿਲਾਂ ਐਸ ਸੀ ਕਮਿਸ਼ਨ ਦੇ ਮੈਂਬਰਾਂ ਦੀ ਗਿਣਤੀ ਘਟਾਈ,ਕਾਰਜਕਾਲ ਘਟਾ ਦਿੱਤਾ ਹੁਣ ਜਦੋਂ ਲੋਕ ਸਭਾ ਚੋਣਾਂ ਦਾ ਐਲਾਨ ਹੋ ਚੁੱਕਾ ਹੈ ਤਾਂ ਐਨ ਮੌਕੇ 'ਤੇ ਆ ਕੇ ਪੰਜਾਬ ਦੀ ਆਪ ਸਰਕਾਰ ਨੇ ਆਪਣਾ ਅਨੁਸੂਚਿਤ ਜਾਤੀ ਵਿਰੋਧੀ ਚਿਹਰਾ ਨੰਗਾ ਕਰਦਿਆਂ ਪੰਜਾਬ ਦੇ ਕਰੀਬ ਇਕ ਕਰੋੜ ਅਨੁਸੂਚਿਤ ਜਾਤੀ ਲੋਕਾਂ ਦੇ ਸੰਵਿਧਾਨਕ ਅਧਿਕਾਰਾਂ ਦੀਆਂ ਧੱਜੀਆਂ ਉਡਾ ਕੇ ,ਧਾਰਮਿਕ, ਸਮਾਜਿਕ ਭਾਵਨਾਵਾਂ ਨੂੰ ਛਿੱਕੇ ਟੰਗ ਕੇ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦਾ ਵਾਧੂ ਚਾਰਜ ਇਕ ਜਨਰਲ ਕੈਟਾਗਰੀ ਦੇ ਅਧਿਕਾਰੀ ਨੂੰ ਸੰਭਾਲ ਕੇ ਪੰਜਾਬ ਦੇ ਇਕ ਕਰੋੜ ਅਨੁਸੂਚਿਤ ਜਾਤੀ ਲੋਕਾਂ ਨਾਲ ਧ੍ਰੋਹ ਕਮਾਇਆ ਹੈ,ਵੱਡਾ ਧੋਖਾ ਕੀਤਾ ਹੈ।ਇਨਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਸਮਾਜ ਸੇਵਕ ਠੇਕੇਦਾਰ ਭਗਵਾਨ ਦਾਸ ਸਿੱਧੂ,ਲਾਰੈਂਸ ਚੌਧਰੀ ਪ੍ਰਧਾਨ ਕ੍ਰਿਸ਼ਚੀਅਨ ਫਰੰਟ, ਵਿਕਾਸ ਹੰਸ ਪ੍ਰਧਾਨ ਸਮਾਜਿਕ ਕ੍ਰਾਂਤੀ ਪਾਰਟੀ ਅੰਬੇਡਕਰ ਅਤੇ ਪ੍ਰਧਾਨ ਭਗਵਾਨ ਵਾਲਮੀਕ ਧਰਮ ਰਖਸ਼ਾ ਦਲ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਅਤੇ ਪੰਜਾਬ ਦੀ ਆਪ ਸਰਕਾਰ ਅਨੁਸੂਚਿਤ ਜਾਤੀ ਵਰਗ ਦੇ ਸੰਵਿਧਾਨਕ ਅਧਿਕਾਰਾਂ ਨੂੰ ਖਤਮ ਕਰਨ ਲਈ ਇਕ ਹੀ ਏਜੰਡੇ ਹੇਠ ਕੰਮ ਕਰ ਰਹੀਆਂ ਹਨ ।ਬਾਬਾ ਸਾਹਿਬ ਡਾ. ਭੀਮ ਰਾਓ ਦੀ ਫੋਟੋ ਲਗਾ ਕੇ ਇਹ ਸਰਕਾਰਾਂ ਬਾਬਾ ਸਾਹਿਬ ਦੇ ਲਿਖੇ ਸੰਵਿਧਾਨ ਨੂੰ ਖਤਮ ਕਰਨ,ਬਦਲਣ ਦੀਆਂ ਸਾਜਿਸ਼ਾਂ ਬਣਾ ਰਹੀਆਂ ਹਨ। ਉਨਾਂ ਕਿਹਾ ਬੜੇ ਦੁੱਖ ਦੀ ਗੱਲ ਹੈ ਕਿ ਅਨੁਸੂਚਿਤ ਜਾਤੀ ਵਰਗ ਦਾ ਇਕ ਬਹੁਤ ਅਹਿਮ ਸੁਰੱਖਿਆ ਛੱਤਰੀ ਕਬਚ ਜਿਸਦਾ ਦੋ ਸਾਲ ਤੋਂ ਚੇਅਰਮੈਨ ਨਿਯੁਕਤ ਨਹੀਂ ਕੀਤਾ ਗਿਆ ਅਤੇ ਇਕ ਸਾਜਿਸ਼ ਤਹਿਤ ਇਸਦਾ ਵਾਧੂ ਚਾਰਜ ਜਨਰਲ ਵਰਗ ਦੇ ਅਧਿਕਾਰੀ ਸ਼ੋਸ਼ਲ ਜਸਟਿਸ ਡਿਪਾਰਮੈਂਟ ਸੈਕਟਰੀ ਡੀ ਕੇ ਤਿਵਾੜੀ ਨੂੰ ਸੰਭਾਲਿਆ ਗਿਆ ਹੈ। ਉਨਾਂ ਵਿਧਾਨ ਸਭਾ ਵਿਚ ਗੁੰਗੇ, ਬੋਲੇ ਬਣਕੇ ਬੈਠੇ 34 ਦਲਿਤ ਸਮਾਜ ਦੇ ਵਿਧਾਇਕਾਂ ਨੂੰ ਅਪੀਲ ਕੀਤੀ ਕਿ ਤੁਹਾਨੂੰ ਲੋਕਾਂ ਨੇ ਆਪਣੇ ਹੱਕਾਂ ਲਈ ਆਵਾਜ਼ ਉਠਾਉਣ ਲਈ ਸੰਵਿਧਾਨ ਕਰਕੇ ਹੀ ਜਿਤਾ ਕੇ ਭੇਜਿਆ ਹੈ ਜੇਕਰ ਤੁਸੀ ਹੁਣ ਨਹੀਂ ਬੋਲੇ ਤਾਂ ਕਦੋਂ ਬੋਲੋਗੇ। ਇਨਾਂ ਆਗੂਆਂ ਨੇ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ ਆਪਣਾ ਫੈਸਲਾ ਤੁਰੰਤ ਵਾਪਸ ਨਾ ਲਿਆ ਤਾਂ ਲੋਕ ਸਭਾ ਚੋਣਾਂ ਅੰਦਰ ਪੰਜਾਬ ਦਾ ਇਕ ਕਰੋੜ ਅਨੁਸੂਚਿਤ ਜਾਤੀ ਭਾਈਚਾਰਾ ਸੰਵਿਧਾਨ ਬਚਾਉਣ ਲਈ ਸਰਕਾਰ ਨੂੰ ਸਬਕ ਸਿਖਾਏਗਾ।

ਸਰਕਾਰ ਕੰਢੀ ਇਲਾਕੇ ਦੇ ਜੰਗਲਾਂ ਦੀ ਰੱਖਿਆ ਕਰਨ 'ਚ ਬੁਰੀ ਤਰ੍ਹਾਂ ਅਸਫਲ : ਧੀਮਾਨ

ਮੇਹਟੀਆਣਾ(ਜਗਤਾਰ ਸਿੰਘ ਭੁੰਗਰਨੀ) ਵਣ ਮਨੁੱਖੀ ਜੀਵਨ ਦੀ ਤੰਦਰੁਸਤੀ, ਗਣ ਬਨਸਪਤੀ ਨੂੰ ਹਰਾ ਭਰਾ ਰੱਖਣ,ਦੇਸ਼ ਦੀ ਆਰਥਿਕਤਾ ਨੂੰ ਮਜਬੂਤੀ ਦੇਣ,ਜੰਗਲੀ ਜੀਵਾਂ ਅਤੇ ਪੰਛੀਆਂ ਨੂੰ ਜੀਵਨ ਦੇਣ ਦਾ ਇਕ ਕੁਦਰਤੀ ਸਰੋਤਾਂ ਦਾ ਅਥਾਹ ਭੰਡਾਰ ਹੈ।ਜੰਗਲਾਂ ਦਾ ਉਜਾੜਾ ਮਨੁੱਖਤਾ ਦੇ ਜੀਵਨ ਦੇ ਕਾਲ ਦਾ ਸੰਕੇਤ ਦਿੰਦਾ ਹੈ।ਇਸ ਸਬੰਧ ਵਿਚ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਅਤੇ ਸਕੱਤਰ ਸੋਨੂ ਨੇ ਪਿੰਡ ਜਾਹਨ ਖੇਲਾਂ ਦੇ ਜੰਗਲ ਵਿਚ ਖੈਰਾਂ ਦੀ ਵੱਡੇ ਪਧੱਰ 'ਤੇ ਮਿਲੀ ਭੁਗਤ ਨਾਲ ਕਟਾਈ ਹੋਣ 'ਤੇ ਪਤਾ ਲਗਣ 'ਤੇ ਜਾ ਕੇ ਮੋਕਾ ਵੇਖਣ ਤੇ ਕਟਾਈ ਨੂੰ ਲੈ ਕੇ ਪੰਜਾਬ ਸਰਕਾਰ ਦੀ ਅਤੇ ਉਸ ਦੇ ਗਣ ਵਿਭਾਗ ਦੇ ਉਚ ਅਧਿਕਾਰੀਆਂ,ਗਣ ਗਾਰਡ,ਰੇਂਜ ਅਫਸਰ ਦੀ ਸਖਤ ਸ਼ਬਦਾਂ ਵਿਚ ਨਿੰਦਾ ਕਰਦਿਆਂ ਕਿਹਾ ਕਿ ਜੇ ਸਰਕਾਰ ਜੰਗਲ ਦੀ ਤੰਦਰੁਸਤੀ ਕਾਇਮ ਨਹੀਂ ਰੱਖ ਸਕਦੀ ਤੇ ਫਿਰ ਪੰਜਾਬ ਦੇ ਲੋਕਾਂ ਦੀ ਤੰਦਰੁਸਤੀ ਨੂੰ ਕੌਣ ਬਚਾਏਗਾ।ਉਨ੍ਹਾਂ ਕਿਹਾ ਕਿ ਜੰਗਲ ਵਿਚ ਖੈਰਾਂ ਦੀ ਨਜਾਇਜ ਕਟਾਈ ਨੂੰ ਵੇਖ ਕੇ ਪੈਰਾਂ ਥਲਿਓਂ ਜਮੀਨ ਹਿੱਲ ਗਈ।ਜਿਥੇ ਕੇ ਲਗਾਤਾਰ ਇਹ ਕਟਾਈ ਚਲ ਰਹੀ ਹੈ ਤੇ ਅਜਿਹਾ ਕੰਮ ਇਕ ਵਿਕਅਤੀ ਨਹੀਂ ਕਰ ਸਕਦਾ।ਕੰਡੀ ਇਲਾਕੇ ਵਿਚ ਗਣ ਗਾਰਡ,ਰੇਂਜ ਅਫਸਰ ਅਤੇ ਉਚ ਅਧਿਕਾਰੀਆਂ ਦੀ ਰਖਿਆ ਦੇ ਬਾਵਜੂਦ ਜੰਗਲ ਮਾਫੀਏ ਦੇ ਲੋਕ ਹਰ ਰੋਜ਼ ਲੱਖਾਂ ਰੁਪਏ ਦੀ ਖੈਰ ਚੋਰੀ ਕਰਕੇ ਅਪਣੀਆਂ ਜੇਬਾਂ ਤਾਂ ਮੋਟੀਆਂ ਕਰ ਰਹੇ ਹਨ। ਪਰ ਨਾਲ ਮਨੁੱਖੀ ਜੀਵਨ,ਜੰਗਲੀ ਜੀਵਾਂ,ਪੰਛੀਆਂ ਅਤੇ ਕਿਸਾਨ ਲਈ ਮੁਸ਼ਕਲਾਂ ਖੜੀਆਂ ਕਰ ਰਹੇ ਹਨ।ਜੰਗਲਾਂ ਦੀ ਹਾਲਤ ਅਵਾਰਾ ਪਸ਼ੂਆਂ ਵਾਲੀ ਹੈ। ਧੀਮਾਨ ਸਕੱਤਰ ਵਣ ਵਿਭਾਗ, ਨੈਸ਼ਨਲ ਗ੍ਰੀਨ ਟ੍ਰਿਬਿਊਨਲ, ਮਾਨਯੋਗ ਚੀਫ ਜ਼ਸਟਿਸ ਪੰਜਾਬ ਐਂਡ ਹਰਿਆਣਾ ਹਾਈ ਕੋਰਟ, ਚੀਫ ਕੰਜਵੇਟਵ ਅਫਸਰ ਵਣ ਵਿਭਾਗ ਅਤੇ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਨੂੰ ਵੀ ਤੁਰੰਤ ਕਾਰਵਾਈ. ਕਰਨ ਲਈ ਲਿਖਿਆ ਜਾ ਰਿਹਾ ਹੈ ਤਾਂ ਕਿ ਕੰਡੀ ਇਲਾਕੇ ਦੇ ਜੰਗਲ ਅਤੇ ਜੀਵਾਂ ਨੂੰ ਬਚਾਇਆ ਜਾ ਸਕੇ।

ਅੱਖਾਂ ਦਾ ਮੁਫਤ ਅਪ੍ਰੇਸ਼ਨ ਤੇ ਜਾਂਚ ਕੈਂਪ ਭਲਕੇ

ਟਾਂਡਾ ਉੜਮੁੜ, (ਉਂਕਾਰ ਸਿੰਘ, ਜਸਵਿੰਦਰ ਸੰਧੂ) ਐਮ ਐਸ ਕੇ ਡੇ ਬੋਰਡਿੰਗ ਸਕੂਲ ਕੋਟਲੀ ਜੰਡ ਵੱਲੋਂ ਵਿਖੇ ਅੱਖਾਂ ਦਾ ਮੁਫਤ ਅਪਰੇਸ਼ਨ ਤੇ ਜਾਂਚ ਕੈਂਪ 21 ਮਾਰਚ ਨੂੰ ਕੋਟਲੀ ਜੰਡ ਸਕੂਲ ਵਿਖੇ ਲਗਾਇਆ ਜਾਵੇਗਾ। ਪ੍ਰਿੰਸੀਪਲ ਪਰਵਿੰਦਰ ਕੌਰ ਨੇ ਦੱਸਿਆ ਕਿ ਡਾਕਟਰ ਲਵਪ੍ਰੀਤ ਸਿੰਘ ਪਾਵਲਾ, ਵਿਜਨ ਕੇਅਰ ਸੁਸਾਇਟੀ ਟਾਂਡਾ ਦੇ ਸਹਿਯੋਗ ਨਾਲ ਮਾਤਾ ਸਾਹਿਬ ਕੌਰ ਐਜੂਕੇਸ਼ਨਲ ਸੁਸਾਇਟੀ ਦੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਦੀ ਅਗਵਾਈ ਤੇ ਸੁਸਾਇਟੀ ਦੇ ਪ੍ਰਧਾਨ ਡਾ. ਕੇਵਲ ਸਿੰਘ ਕਾਜਲ ਦੀ ਦੇਖ-ਰੇਖ ਹੇਠ ਲਗਾਏ ਜਾ ਰਹੇ ਇਸ ਇੱਕ ਦਿਨਾਂ ਜਾਂਚ ਕੈਂਪ ਦਾ ਉਦਘਾਟਨ ਵਿਧਾਇਕ ਟਾਂਡਾ ਜਸਵੀਰ ਸਿੰਘ ਰਾਜਾ ਕਰਨਗੇ ਜਦਕਿ ਇਸ ਮੌਕੇ ਚੇਅਰਮੈਨ ਇੰਪਰੂਵਮੈਂਟ ਟਰੱਸਟ ਹੁਸ਼ਿਆਰਪੁਰ ਹਰਮੀਤ ਸਿੰਘ ਐਲਖ, ਜਿਲ੍ਹਾ ਪ੍ਰਧਾਨ ਆਪ ਗੁਰਵਿੰਦਰ ਸਿੰਘ ਪਾਵਲਾ, ਜਿਲ੍ਹਾ ਪ੍ਰਧਾਨ ਯੂਥ ਵਿੰਗ ਆਪ ਚੌਧਰੀ ਰਾਜਵਿੰਦਰ ਸਿੰਘ ਰਾਜਾ, ਬਲਾਕ ਪ੍ਰਧਾਨ ਕੇਸਵ ਸਿੰਘ ਸੈਣੀ, ਸਿਟੀ ਪ੍ਰਧਾਨ ਜਗਜੀਵਨ ਜੱਗੀ, ਕੌਰ ਕਮੇਟੀ ਮੈਂਬਰ ਰਜਿੰਦਰ ਸਿੰਘ ਮਾਰਸਲ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਣਗੇ। ਇਸ ਮੌਕੇ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਹੋਰ ਦੱਸਿਆ ਕਿ ਕੈਂਪ ਦੌਰਾਨ ਵੇਵਜ ਹਸਪਤਾਲ ਟਾਂਡਾ ਦੀ ਦੀ ਮਾਹਿਰ ਡਾਕਟਰੀ ਟੀਮ ਵੱਲੋਂ ਡਾ. ਲਵਪ੍ਰੀਤ ਸਿੰਘ ਪਾਬਲਾ ਦੀ ਅਗਵਾਈ

20-MAR-PAGE-10.qxd 3/19/2024 10:40 PM Page 1

ਮਨਰੇਗਾ ਵਰਕਰਜ਼ ਯੂਨੀਅਨ ਵੱਲੋਂ ਮੰਗਾਂ ਨੂੰ ਲੈ ਕੇ ਰੋਸ ਮਾਰਚ

■ ਡਿਪਟੀ ਕਮਿਸ਼ਨਰ ਨੂੰ ਸੌਂਪਿਆ ਮੰਗ ਪੱਤਰ

ਮਾਨਸਾ (ਆਤਮਾ ਸਿੰਘ ਪਮਾਰ)-ਮਨਰੇਗਾ ਵਰਕਰਜ਼ ਯੂਨੀਅਨ ਵੱਲੋਂ ਸੂਬਾ ਪ੍ਰਧਾਨ ਐਡਵੋਕੇਟ ਗਗਨਦੀਪ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮਜ਼ਦੂਰਾਂ ਦੀਆਂ ਮੁਸ਼ਕਲਾਂ ਨੂੰ ਲੈ ਕੇ ਡਿਪਟੀ ਕਮਿਸ਼ਨਰ ਮਾਨਸਾ ਨੂੰ ਮੰਗ ਪੱਤਰ ਦਿੱਤਾ ਗਿਆ। ਸਬਾਨਕ ਬਾਲ ਭਵਨ ਵਿਖੇ ਵੱਖੋ-ਵੱਖ ਪਿੰਡਾਂ ਵਿੱਚੋਂ ਮਨਰੇਗਾ ਮਜ਼ਦੂਰ ਵੱਡੀ ਗਿਣਤੀ ਵਿੱਚ ਪਹੁੰਚੇ, ਜਿਨ੍ਹਾਂ ਦੀ ਅਗਵਾਈ ਸੂਬਾ ਮੀਤ ਪ੍ਰਧਾਨ ਜਗਸੀਰ ਸਿੰਘ ਸੀਰਾ ਵੱਲੋਂ ਕੀਤੀ ਗਈ। ਇਕੱਠ ਨੂੰ ਸੰਬੋਧਨ ਕਰਨ ਤੋਂ ਬਾਅਦ ਡਿਪਟੀ ਕਮਿਸ਼ਨਰ ਦਫਤਰ ਤੱਕ ਰੋਸ ਮਾਰਚ ਵੀ ਕੱਢਿਆ ਗਿਆ। ਗੱਲਬਾਤ ਕਰਦਿਆਂ ਸੀਰਾ ਨੇ ਕਿਹਾ ਕਿ ਪਿਛਲੇ ਤਿੰਨ ਮਹੀਨਿਆਂ ਤੋਂ ਮਨਰੇਗਾ ਮਜ਼ਦੂਰਾਂ ਨੂੰ ਕੀਤੇ ਕੰਮ ਦੇ ਪੈਸੇ ਨਹੀਂ ਮਿਲੇ। ਬਹੁਤ ਸਾਰੇ ਪਿੰਡਾਂ ਵਿੱਚ 5-5 ਮਸਟਰੋਲ ਨਿਕਲ ਚੁੱਕੇ ਹਨ ਤੇ ਮਜ਼ਦੂਰਾਂ ਨੇ ਕੰਮ ਕੀਤਾ ਹੋਇਆ ਹੈ, ਪਰ ਅੱਜ ਤੱਕ ਕੋਈ ਪੈਸਾ ਨਹੀਂ ਮਿਲਿਆ। ਜ਼ਿਕਰਯੋਗ ਹੈ ਕਿ ਮਨਰੇਗਾ ਐਕਟ 2005 ਦੀਆਂ ਹਦਾਇਤਾਂ ਅਨੁਸਾਰ 14 ਦਿਨ ਕੰਮ ਕਰਨ ਤੋਂ ਬਾਅਦ 15ਵੇਂ ਦਿਨ ਮਜ਼ਦੂਰਾਂ ਨੂੰ ਮਜ਼ਦੂਰੀ ਦੇ ਪੈਸੇ ਮਿਲਣੇ ਜ਼ਰੂਰੀ ਹਨ। ਜੇਕਰ 15 ਦਿਨਾਂ ਬਾਅਦ ਪੈਸੇ ਨਹੀਂ ਮਿਲਦੇ ਤਾਂ ਮਨਰੇਗਾ ਐਕਟ ਮੁਤਾਬਿਕ ਮਜ਼ਦੂਰ ਮੁਆਵਜ਼ਾ ਲੈਣ ਦੇ ਵੀ ਹੱਕਦਾਰ ਹਨ, ਪਰ ਅੱਜ ਤੱਕ ਮੁਆਵਜ਼ਾ ਤਾਂ ਕੀ ਮਜ਼ਦੂਰਾਂ ਨੂੰ ਕੀਤੇ ਕੰਮ ਦੇ ਪੈਸੇ ਵੀ ਨਹੀਂ ਮਿਲ ਰਹੇ। ਪੰਜਾਬ ਸਰਕਾਰ ਨੇ ਅੱਜ ਤੱਕ ਮਨਰੇਗਾ ਮਜ਼ਦੂਰਾਂ ਦੇ ਮਸਲੇ ਨੂੰ ਗੰਭੀਰਤਾ ਨਾਲ ਨਹੀਂ ਲਿਆ। ਸਰਕਾਰ ਵੱਲੋਂ ਕੋਈ ਬਿਆਨ ਵੀ ਜਾਰੀ ਨਹੀਂ ਕੀਤਾ ਗਿਆ ਕਿ ਮਨਰੇਗਾਂ ਮਜ਼ਦੂਰਾਂ ਨੂੰ ਮਜ਼ਦੂਰੀ ਦੇ ਪੈਸੇ ਦਿੱਤੇ ਜਾਣ, ਜਿਸ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਸਰਕਾਰ ਮਜ਼ਦੂਰਾਂ ਦੇ ਮੁੱਦਿਆਂ ਉੱਪਰ ਗੰਭੀਰਤਾ ਨਹੀਂ ਲੈਂਦੀ, ਜਿਸ ਕਰਕੇ ਮਜ਼ਦੂਰ ਦਫਤਰਾਂ ਦੇ ਚੱਕਰ ਲਗਾਉਣ ਲਈ ਮਜਬੂਰ ਹਨ। ਸਬੰਧਤ ਅਧਿਕਾਰੀਆਂ ਨੇ ਵੀ ਮਜ਼ਦੂਰਾਂ ਨੂੰ ਪੈਸੇ ਨਾ ਮਿਲਣ ਲਈ ਕੋਈ ਠੋਸ ਕਦਮ ਨਹੀਂ ਚੁੱਕੇ। ਸਰਦੀਆਂ ਦੇ ਦਿਨਾਂ ਵਿੱਚ ਜਦ ਧੁੰਦਾਂ ਪੈ ਰਹੀਆਂ ਸਨ, ਉਸ ਸਮੇਂ ਮਜ਼ਦੂਰਾਂ ਨੇ ਕੰਮ ਕੀਤਾ ਸੀ। ਮਨਰੇਗਾ ਮਜ਼ਦੂਰਾਂ ਦੇ ਪਰਿਵਾਰਾਂ ਦਾ ਪਾਲਣ-ਪੋਸ਼ਣ ਮਨਰੇਗਾ ਦੀ ਦਿਹਾੜੀ ਉੱਪਰ ਹੀ ਨਿਰਭਰ ਕਰਦਾ ਹੈ। ਮਨਰੇਗਾ ਮਜ਼ਦੂਰਾਂ ਨੂੰ ਮਜ਼ਦੂਰੀ ਦੇ ਪੈਸੇ ਨਾ ਮਿਲਣ ਕਾਰਨ ਉਨ੍ਹਾਂ ਦੇ ਚੁੱਲ੍ਹੇ ਠੰਢੇ ਹੋ ਰਹੇ ਹਨ, ਜਿਸ ਨਾਲ ਮਜ਼ਦੂਰ ਭੁੱਖਮਰੀ ਦਾ ਸ਼ਿਕਾਰ ਹੋਣ ਲਈ ਮਜਬੂਰ ਹੋ ਰਹੇ ਹਨ। ਅੱਜ ਬਾਲ ਭਵਨ ਮਾਨਸਾ ਤੋਂ ਮਾਰਚ ਸ਼ੁਰੂ ਕਰਕੇ ਡਿਪਟੀ ਕਮਿਸ਼ਨਰ ਦਫਤਰ ਤੱਕ ਪਹੁੰਚਿਆ ਤੇ ਮਜ਼ਦੂਰਾਂ ਦੀ ਸਮੱਸਿਆ ਨੂੰ ਲੈ ਕੇ ਡਿਪਟੀ ਕਮਿਸ਼ਨਰ ਮਾਨਸਾ ਨੂੰ ਮੰਗ ਪੱਤਰ ਸੌਂਪਿਆ ਗਿਆ। 31 ਮਾਰਚ ਤੋਂ ਮਨਰੇਗਾ ਦਾ ਇੱਕ ਸਾਲ ਪੂਰਾ ਹੋਣ ਵਾਲਾ ਹੈ, ਪਰ ਅਜੇ ਤੱਕ ਲੋਕਾਂ ਨੂੰ 100 ਦਿਨ ਦਾ ਰੁਜ਼ਗਾਰ ਨਹੀਂ ਮਿਲਿਆ, ਕਿਉਂਕਿ ਕਾਨੂੰਨ ਅਨੁਸਾਰ ਇੱਕ ਸਾਲ ਵਿੱਚ 100 ਦਿਨ ਦੇ ਰੁਜ਼ਗਾਰ ਦੀ ਗਰੰਟੀ ਦਿੱਤੀ ਗਈ ਹੈ, ਜੋ ਮਜ਼ਦੂਰਾਂ ਨਾਲ ਬੇਇਨਸਾਫੀ ਹੈ। ਇਸ ਸਮੇਂ ਜ਼ਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ, ਜ਼ਿਲ੍ਹਾ ਸਕੱਤਰ ਬਿੰਦਰ ਸਿੰਘ, ਬਲਾਕ ਪ੍ਰਧਾਨ ਕਰਮਜੀਤ ਕੌਰ ਸਰਦੂਲਗੜ੍ਹ, ਪਰਮਜੀਤ ਸਿੰਘ ਸਰਕਲ ਪ੍ਰਧਾਨ ਸਰਦੂਲਗੜ੍ਹ, ਭੋਲਾ ਸਿੰਘ ਬੋੜਾਵਾਲ, ਸਰਬਜੀਤ ਕੌਰ ਬਲਾਕ ਪ੍ਰਧਾਨ ਬੁਢਲਾਡਾ, ਗੁਰਦਿੱਤ ਸਿੰਘ ਜੌੜਕੀਆ, ਆਤਮਾ ਸਿੰਘ ਦਲੇਲ ਸਿੰਘ ਵਾਲਾ, ਭੋਲਾ ਸਿੰਘ ਭਾਦੜਾ, ਨਛੱਤਰ ਸਿੰਘ ਹਸਨਪੁਰ, ਬਲਜੀਤ ਕੌਰ ਨੰਗਲ ਖੁਰਦ, ਅਵਤਾਰ ਸਿੰਘ ਜ਼ਿਲ੍ਹਾ ਪ੍ਰਧਾਨ ਭੱਠਾ ਤੇ ਨਿਰਮਾਣ ਮਜ਼ਦੂਰ ਯੂਨੀਅਨ ਅਤੇ ਵੱਡੀ ਗਿਣਤੀ ਵਿੱਚ ਪਿੰਡਾਂ ਚੋਂ ਆਏ ਹੋਏ ਮਨਰੇਗਾ ਕਿਰਤੀ ਵੀ ਹਾਜ਼ਰ ਸਨ।

ਮਨਜਿੰਦਰ ਬਿੱਟੂ ਬਣੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਸ਼ਹਿਰੀ ਪ੍ਰਧਾਨ

ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਸਿਰੋਪਾਓ ਦੇ ਕੇ ਸੌਂਪੀ ਜ਼ਿੰਮੇਵਾਰੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਵਿਸਥਾਰ ਕਰਦਿਆਂ ਜ਼ਮੀਨੀ ਪੱਧਰ 'ਤੇ ਮਿਹਨਤ ਕਰ ਕੇ ਪਾਰਟੀ ਨੂੰ ਮਜ਼ਬੂਤ ਕਰਨ 'ਚ ਅਹਿਮ ਭੂਮਿਕਾ ਨਿਭਾਉਣ ਬਦਲੇ ਸੀਨੀਅਰ ਅਕਾਲੀ ਆਗੂ ਮਨਜਿੰਦਰ ਸਿੰਘ ਬਿੱਟੂ ਨੂੰ ਪਿੰਡ ਬਾਦਲ ਵਿਖੇ ਸਿਰੋਪਾਓ ਦੇ ਕੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦਾ ਸ਼ਹਿਰੀ ਪ੍ਰਧਾਨ ਨਿਯੁਕਤ ਕੀਤਾ ਗਿਆ।ਗੌਰਤਲਬ ਹੈ ਕਿ 2003 ਵਿੱਚ ਸਿਆਸਤ ਦੀ ਪੌੜੀ 'ਤੇ ਕਦਮ ਰੱਖਣ ਉਪਰੰਤ ਮਨਜਿੰਦਰ ਸਿੰਘ ਬਿੱਟੂ ਨੇ ਜਿੱਥੇ 2 ਵਾਰ ਸਰਪੰਚੀ ਦੀ ਚੋਣ ਜਿੱਤੀ, ਉਥੇ ਹੀ ਜ਼ਿਲ੍ਹਾ ਪ੍ਰੀਸ਼ਦ 'ਚ ਸ਼ਾਨਦਾਰ ਜਿੱਤ ਹਾਸਲ ਕਰਕੇ ਸੀਟ ਵੀ ਪਾਰਟੀ ਦੀ ਝੋਲੀ ਪਾਈ, ਇਸ ਤੋਂ ਬਾਅਦ ਲੰਮਾ ਸਮਾਂ ਸਰਕਲ ਪ੍ਰਧਾਨ ਦੇ ਅਹੁਦੇ 'ਤੇ ਸੇਵਾ ਨਿਭਾਈ ਤੇ ਬਰੀਵਾਲਾ ਮਾਰਕਿਟ ਕਮੇਟੀ ਦੇ ਚੇਅਰਮੈਨ ਵਜੋਂ ਪੂਰੀ ਵਫਾਦਾਰੀ ਤੇ ਇਮਾਨਦਾਰੀ ਨਾਲ ਸੇਵਾਵਾਂ ਨਿਭਾਈਆਂ।ਇਸ ਮੌਕੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ, ਸੀਨੀਅਰ ਅਕਾਲੀ ਆਗੂ ਤੇਜਿੰਦਰ ਸਿੰਘ ਮਿੱਡੂਖੇੜਾ, ਕੰਵਰਜੀਤ ਸਿੰਘ ਰੋਜ਼ੀ ਬਰਕੰਦੀ ਹਲਕਾ ਇੰਚਾਰਜ ਸ੍ਰੀ ਮੁਕਤਸਰ ਸਾਹਿਬ, ਹਰਦੀਪ ਸਿੰਘ ਡਿੰਪੀ ਢਿੱਲੋਂ ਹਲਕਾ ਇੰਚਾਰਜ ਗਿੱਦੜਬਾਹਾ, ਹਰਪ੍ਰੀਤ ਸਿੰਘ ਕੋਟਭਾਈ ਹਲਕਾ ਇੰਚਾਰਜ ਮਲੋਟ ਤੇ ਸਮੁੱਚੀ ਸ਼੍ਰੋਮਣੀ ਅਕਾਲੀ ਦਲ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਨਵ-ਨਿਯੁਕਤ ਸ਼ਹਿਰੀ ਪ੍ਰਧਾਨ ਮਨਜਿੰਦਰ ਸਿੰਘ ਬਿੱਟੂ ਨੇ ਕਿਹਾ ਕਿ ਉਹ ਹਮੇਸ਼ਾ ਵਾਂਗ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।ਇਸ ਮੌਕੇ ਪ੍ਰੀਤਇੰਦਰ ਸਿੰਘ ਸੰਮੇਵਾਲੀ ਜ਼ਿਲ੍ਹਾ ਪ੍ਰਧਾਨ, ਪਰਮਿੰਦਰ ਸਿੰਘ ਕੋਲਿਆਂਵਾਲੀ ਤੇ ਹੋਰ ਸੀਨੀਅਰ ਅਕਾਲੀ ਆਗੂ ਮੌਜੂਦ ਸਨ।

ਪੰਥਕ ਇਕੱਠ 'ਚੋਂ ਰੋਕਣ ਲਈ ਭਾਈ ਗਰੇਵਾਲ ਨੂੰ ਘਰ 'ਚ ਕੀਤਾ ਨਜ਼ਰਬੰਦ

ਜਗਰਾਉਂ (ਸੰਜੀਵ ਅਰੋੜਾ)-ਭਾਈ ਅੰਮ੍ਰਿਤਪਾਲ ਸਿੰਘ ਤੇ ਸਾਥੀਆਂ ਦੇ ਬਾਰੇ 'ਚ ਡਿਬਰੂਗੜ ਜੇਲ੍ਹ ਅੰਦਰ ਉਨ੍ਹਾਂ ਦੀ ਨਿੱਜੀ ਜ਼ਿੰਦਗੀ 'ਚ ਦਖ਼ਲ ਦੇਣ ਦੀ ਸ਼ਰਾਰਤ ਸਾਹਮਣੇ ਆਉਣ 'ਤੇ ਉਨ੍ਹਾਂ ਵੱਲੋਂ ਉਠਾਏ ਇਤਰਾਜ਼ਾਂ ਕਰਕੇ ਜੇਲ੍ਹ ਦੇ ਸੁਪਰਡੈਂਟ ਦਾ ਮੁਅੱਤਲ ਹੋਣਾ ਇਨ੍ਹਾਂ ਘਿਨਾਉਣੀਆਂ ਕਾਰਵਾਈਆਂ 'ਤੇ ਸਹੀ ਪਾਉਂਦਾ ਨਜ਼ਰ ਆ ਰਿਹਾ ਹੈ। ਇਸ ਸਬੰਧੀ ਉਨ੍ਹਾਂ ਦੀ ਜੇਲ੍ਹ ਤਬਦੀਲੀ ਦੀ ਮੰਗ ਨੂੰ ਲੈ ਕੇ 17 ਮਾਰਚ ਦੀ ਪੰਥਕ ਇਕੱਤਰਤਾ ਤੋਂ ਪੰਜਾਬ ਸਰਕਾਰ ਕਾਫੀ ਡਰੀ ਹੋਈ ਨਜ਼ਰ ਆ ਰਹੀ ਹੈ। ਸੂਬੇ ਭਰ 'ਚ ਰੁਕਾਵਟਾਂ ਖੜੀਆਂ ਕੀਤੀਆਂ, ਆਗੂਆਂ ਨੂੰ ਗ੍ਰਿਫ਼ਤਾਰ ਕੀਤਾ, ਨਜ਼ਰਬੰਦ ਕੀਤਾ। ਇਸ ਸਿਲਸਿਲੇ 'ਚ ਜਗਰਾਉਂ ਅਕਾਲੀ ਦਲ ਦੇ ਜ਼ਿਲ੍ਹਾ ਲੁਧਿਆਣਾ ਦੇ ਦਿਹਾਤੀ ਪ੍ਰਧਾਨ ਅਤੇ ਸ਼੍ਰੋਮਣੀ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ ਨੂੰ ਜਗਰਾਉਂ ਪੁਲਿਸ ਵੱਲੋਂ ਸਵੇਰੇ 7 ਵਜੇ ਹਿਰਾਸਤ ਵਿੱਚ ਲੈ ਕੇ ਨਜ਼ਰਬੰਦ ਕਰ ਦਿੱਤਾ ਗਿਆ। ਇਸ ਸਮੇਂ ਪੁਲਿਸ ਜ਼ਿਲ੍ਹਾ ਜਗਰਾਉਂ ਦੇ ਐਸਪੀ ਹੈਡਕੁਆਰਟਰ ਮਨਿੰਦਰਵੀਰ ਸਿੰਘ ਦੀ ਅਗਵਾਈ 'ਚ ਪੁਲਸ ਫੋਰਸ ਨੇ ਆਣ ਕੇ ਘਰ ਦੀ ਘੇਰਾਬੰਦੀ ਕੀਤੀ। ਇਸ ਸਮੇਂ ਭਾਈ ਗੁਰਚਰਨ ਸਿੰਘ ਗਰੇਵਾਲ ਨੇ ਇਸ ਗ਼ੈਰ ਲੋਕਤੰਤਰੀ ਕਾਰੇ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਡਿਊਟੀ ਸ਼੍ਰੋਮਣੀ ਕਮੇਟੀ ਵੱਲੋਂ ਹਾਜ਼ਰੀ ਭਰਨ ਦੀ ਲਗਾਈ ਗਈ ਸੀ। ਉਨ੍ਹਾਂ ਕਿਹਾ ਕਿ ਸਰਕਾਰ ਦੇ ਇਸ ਰਵੱਈਏ ਨੇ ਸਾਬਤ ਕਰ ਦਿੱਤਾ ਹੈ ਕਿ ਸਰਕਾਰ ਦਾ ਇਖਲਾਕੀ ਹਾਰ ਹੋ ਗਈ ਹੈ। ਸਿੱਖਾਂ ਦੇ ਜਜ਼ਬਾਤਾਂ ਨੂੰ ਕੋਈ ਵੀ ਜ਼ਾਲਮ ਰੋਕ ਨਹੀਂ ਸਕਿਆ ਤੇ ਨਾ ਹੀ ਰੋਕ ਸਕੇਗਾ। ਉਨ੍ਹਾਂ ਕਿਹਾ ਕਿ ਆਉਣ ਵਾਲੀਆਂ ਚੋਣਾਂ ਵਿੱਚ ਪੰਜਾਬ ਦੇ ਲੋਕ ਅਜਿਹੀ ਇਹ ਪੰਥ ਵਿਰੋਧੀ ਸਰਕਾਰ ਨੂੰ ਚਲਦਾ ਕਰ ਦੇਣਗੇ। ਇਸ ਘਿਨਾਉਣੀ ਹਰਕਤ ਦੀ ਪੰਥਕ ਜਥੇਬੰਦੀਆਂ ਨੇ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਵਪਾਰੀਆਂ ਨੂੰ ਸਰਕਾਰ ਦੀਆਂ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ

ਮੱਖੂ (ਰਛਪਾਲ ਸਿੰਘ ਸੰਧੂ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਟਰੇਡ ਵਿੰਗ ਦੀ ਮੀਟਿੰਗ ਰਾਜੀਵ ਠੁਕਰਾਲ ਲੱਕੀ ਮੀਤ ਪ੍ਰਧਾਨ ਟਰੇਡ ਵਿੰਗ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਗ੍ਰਹਿ ਵਿਖੇ ਹੋਈ। ਮੀਟਿੰਗ ਵਿੱਚ ਗੁਰਪ੍ਰੀਤ ਸਿੰਘ ਗੋਰਾ ਸਟੇਟ ਇੰਚਾਰਜ ਟਰੇਡ ਵਿੰਗ, ਸੁਖਦੇਵ ਸਿੰਘ ਜੋਸਨ ਜ਼ਿਲ੍ਹਾ ਪ੍ਰਧਾਨ ਟਰੇਡ ਵਿੰਗ, ਜਸਵੰਤ ਸਿੰਘ ਸੋਢੀ ਜ਼ਿਲ੍ਹਾ ਜਨਰਲ ਸਕੱਤਰ ਟਰੇਡ ਵਿੰਗ ਵੱਲੋਂ ਉਚੇਚੇ ਤੌਰ 'ਤੇ ਪੁਹੰਚ ਕੇ ਵਪਾਰੀ ਵਰਗ ਦੀਆਂ ਮੁਸ਼ਕਲਾਂ ਸੁਣੀਆਂ ਤੇ ਵਪਾਰੀ ਵਰਗ ਨੂੰ ਵਪਾਰ ਪ੍ਰਫੁੱਲਤ ਕਰਨ ਲਈ ਸਰਕਾਰ ਦੀਆਂ ਯੋਜਨਾਵਾਂ ਦੀ ਜਾਣਕਾਰੀ ਦਿੱਤੀ ਗਈ। ਮੀਟਿੰਗ ਵਿੱਚ ਹਰ ਵਰਗ ਦੇ ਵਪਾਰੀ ਤੇ ਟਰੇਡ ਵਿੰਗ ਦੇ ਨਵੇਂ ਬਣੇ ਅਹੁਦੇਦਾਰ ਮੌਜੂਦ ਸਨ। ਇਸ ਮੌਕੇ ਵਪਾਰ ਮੰਡਲ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਮੀਤ ਪ੍ਰਧਾਨ ਰਾਜੀਵ ਠੁਕਰਾਲ ਲੱਕੀ, ਮਹਿਲ ਸਿੰਘ ਚੇਅਰਮੈਨ, ਸੋਨੂੰ ਸਚਦੇਵਾ ਅਬਜ਼ਰਵਰ ਨੇ ਵੀ ਵਪਾਰੀ ਵਰਗ ਨੂੰ ਸੰਬੋਧਨ ਕੀਤਾ।

'ਤੇਰਾ ਤੇਰਾ ਹੱਟੀ' ਨੇ ਲੜਕੀ ਦੇ ਵਿਆਹ 'ਚ ਘਰੇਲੂ ਸਮਾਨ ਦੀ ਕੀਤੀ ਮਦਦ

ਮੱਖੂ (ਰਛਪਾਲ ਸਿੰਘ ਸੰਧੂ)-ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਾਢੇ ਪੰਜ ਸੌ ਸਾਲਾ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਸ਼ੁਰੂ ਕੀਤੀ ਤੇਰਾ ਤੇਰਾ ਹੱਟੀ ਵੱਲੋਂ ਆਪਣੇ ਦਸਵੰਧ ਵਿੱਚ ਸੇਵਾ ਕੱਢ ਕੇ ਇੱਕ ਵਾਰ ਫੇਰ ਇੱਕ ਗਰੀਬ ਪਰਵਾਰ ਨਾਲ ਸਬੰਧਤ ਲੜਕੀ ਦੇ ਵਿਆਹ ਲਈ ਘਰੇਲੂ ਸਮਾਨ ਦੇ ਕੇ ਪਰਵਾਰ ਦੀ ਮੱਦਦ ਕੀਤੀ ਹੈ। 'ਤੇਰਾ ਤੇਰਾ ਹੱਟੀ' ਦੇ ਮੁੱਖ ਪ੍ਰਬੰਧਕ ਦਵਿੰਦਰ ਸਿੰਘ ਛਾਬੜਾ ਤੇ ਮੈਡਮ ਅਮਰਜੀਤ ਕੌਰ ਛਾਬੜਾ ਨੇ ਦੱਸਿਆ ਕਿ ਇਹ ਹੱਟੀ ਤੋਂ ਸੇਵਾ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਇਸ ਵਾਰ ਦੀ ਸੇਵਾ ਵਿੱਚ ਸਹਿਯੋਗ ਹੈਪੀ ਆਰਟ ਐਂਡ ਗਿਫ਼ਟ ਸੈਂਟਰ ਅਤੇ ਬੇਦੀ ਹੈਂਡਲੂਮ ਮਖੂ ਵਾਲਿਆਂ ਦੇ ਸਹਿਯੋਗ ਨਾਲ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਤੇਰਾ ਤੇਰਾ ਹੱਟੀ ਸਾਲ 2019 ਵਿੱਚ ਬਾਬੇ ਨਾਨਕ ਦੇ ਸਾਢੇ ਪੰਜ ਸੌ ਸਾਲਾ ਨੂੰ ਸਮਰਪਤ ਖੋਲ੍ਹੀ ਗਈ ਸੀ ਤੇ ਇਸ ਹੱਟੀ ਤੋਂ ਹੀ ਦਾਨੀ ਸੱਜਣਾਂ ਦੇ ਸਹਿਯੋਗ ਨਾਲ ਹੀ ਹੁਣ ਤੱਕ ਸੈਂਕੜੇ ਲੜਕੀਆਂ ਦੇ ਵਿਆਹਾਂ ਅਤੇ ਜ਼ਰੂਰਤਮੰਦ ਲੋਕਾਂ ਦੇ ਇਲਾਜ ਵਿੱਚ ਮੱਦਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਹੋਰ ਕਿਹਾ ਕਿ ਆਮ ਤੌਰ 'ਤੇ ਇਸ ਹੱਟੀ ਤੋਂ ਲੋੜਵੰਦ ਲੋਕ ਸਿਰਫ ਤੇਰਾਂ ਰੁਪਏ ਵਿੱਚ ਕੋਈ ਜ਼ਰੂਰਤ ਵਾਲੀ ਵਸਤੂ ਲੈ ਸਕਦੇ ਹਨ। ਉਨ੍ਹਾਂ ਹੋਰ ਵੀ ਦਾਨੀ ਸੱਜਣਾਂ ਨੂੰ ਅਪੀਲ ਕੀਤੀ ਕਿ ਆਪਣੀ ਕਮਾਈ ਵਿੱਚੋਂ ਦਸਵੰਧ ਕੱਢ ਕੇ ਲੋੜਵੰਦਾਂ ਦੀ ਸੇਵਾ ਕਰਨ ਵਿੱਚ ਮੱਦਦ ਕਰਨ। ਇਸ ਮੌਕੇ ਹਰਜਿੰਦਰ ਸਿੰਘ ਕਤਨਾ ਜ਼ਿਲ੍ਹਾ ਪ੍ਰਧਾਨ ਸਰਬੱਤ ਦਾ ਭਲਾ ਟਰੱਸਟ, ਗੁਰਦੇਵ ਸਿੰਘ ਗਾਬਾ ਸਮੇਤ ਹੋਰ ਵੀ ਸਮਾਜ ਸੇਵੀ ਮੌਜੂਦ ਸਨ।

ਬਹੁ-ਭਾਸ਼ਾਈਵਾਦ ਭਾਰਤ ਦੀ ਤਾਕਤ : ਪ੍ਰੋ. ਸੰਜੇ ਦਿਵੇਦੀ

ਬਸੰਤ ਭਾਸ਼ਣ ਲੜੀ ਤਹਿਤ 'ਭਾਰਤੀ ਭਾਸ਼ਾਵਾਂ 'ਚ ਅੰਤਰ-ਸੰਚਾਰ ਤੇ ਅਨੁਵਾਦ' 'ਤੇ ਚਰਚਾ

ਜੈਤੋ (ਸਤੀਸ਼ ਕੁਮਾਰ ਭੀਗੀ)

ਇੰਡੀਅਨ ਇੰਸਟੀਚਿਊਟ ਆਫ਼ ਮਾਸ ਕਮਿਊਨੀਕੇਸ਼ਨ (ਆਈ ਆਈ ਐੱਮ ਸੀ) ਦੇ ਸਾਬਕਾ ਡਾਇਰੈਕਟਰ ਜਨਰਲ ਪ੍ਰੋ: ਸੰਜੇ ਦਿਵੇਦੀ ਦਾ ਕਹਿਣਾ ਹੈ ਕਿ ਅਸੀਂ ਭਾਰਤੀ ਜਨਮ ਤੋਂ ਹੀ ਬਹੁ-ਭਾਸ਼ਾਈ ਹਾਂ ਤੇ ਬਹੁ-ਭਾਸ਼ਾਈ ਸਾਡੀ ਤਾਕਤ ਹੈ।ਬਹੁ-ਭਾਸ਼ਾਈ ਸਾਡੇ ਸੱਭਿਆਚਾਰ ਵਿੱਚ ਹੈ।ਉਹ ਮੱਧ ਪ੍ਰਦੇਸ਼ ਰਾਸ਼ਟਰ ਭਾਸ਼ਾ ਪ੍ਰਚਾਰ ਸਮਿਤੀ ਵੱਲੋਂ ਹਿੰਦੀ ਭਵਨ ਭੋਪਾਲ ਵਿਖੇ ਆਯੋਜਤ ਬਸੰਤ ਭਾਸ਼ਣ ਲੜੀ ਤਹਿਤ 'ਭਾਰਤੀ ਭਾਸ਼ਾਵਾਂ ਵਿੱਚ ਅੰਤਰ ਸੰਚਾਰ ਤੇ ਅਨੁਵਾਦ' ਵਿਸ਼ੇ 'ਤੇ ਸੈਸ਼ਨ ਨੂੰ ਸੰਬੋਧਨ ਕਰ ਰਹੇ ਸਨ।ਇਸ ਮੌਕੇ ਸੈਸ਼ਨ ਦੇ ਚੇਅਰਮੈਨ ਰਾਬਿੰਦਰ ਨਾਥ ਟੈਗੋਰ ਯੂਨੀਵਰਸਿਟੀ ਦੇ ਚਾਂਸਲਰ ਡਾ. ਡਾ: ਸੰਤੋਸ਼ ਚੌਬੇ, ਅਟਲ ਬਿਹਾਰੀ ਵਾਜਪਾਈ ਹਿੰਦੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ: ਖੇਮ ਸਿੰਘ ਦਹੇੜੀਆ, ਲੇਖਕ ਡਾ: ਸ੍ਰੀਰਾਮ ਪਰਿਹਾਰ, ਡਾ: ਰੰਜਨਾ ਅਰਗੜੇ ਨੇ ਆਪਣੇ ਆਪਣੇ ਵਿਚਾਰ ਪ੍ਰਗਟ ਕੀਤੇ। ਪ੍

20-March-PAGE-11-Majha.qxd 3/19/2024 11:11 PM Page 1

ਕਰਤਾਰ ਸਿੰਘ ਸਰਾਭਾ ਕਲੱਬ ਸਠਿਆਲਾ ਨੇ 5ਵਾਂ ਕ੍ਰਿਕਟ ਟੂਰਨਾਮੈਂਟ ਕਰਵਾਇਆ

ਬਾਬਾ ਬਕਾਲਾ ਸਾਹਿਬ (ਜਸਪਾਲ ਸਿੰਘ)-ਬਿਗ੍ਰੇਡੀਅਰ ਗੁਰਬਚਨ ਸਿੰਘ ਬੱਲ ਸਟੇਡੀਅਮ ਸਠਿਆਲਾ ਵਿਖੇ ਕਰਤਾਰ ਸਿੰਘ ਸਰਾਭਾ ਕਲੱਬ ਸਠਿਆਲਾ ਵੱਲੋਂ 5ਵਾਂ ਕ੍ਰਿਕਟ ਟੂਰਨਾਮੈਂਟ ਕਰਵਾਇਆ ਗਿਆ। ਇਸ ਮੌਕੇ ਕਲੱਬ ਪ੍ਰਧਾਨ ਸਰਬਜੀਤ ਸਿੰਘ ਰਾਹੁਲ ਨੇ ਦੱਸਿਆ ਕਿ ਕਰਤਾਰ ਸਿੰਘ ਸਰਾਭਾ ਕਲੱਬ ਸਠਿਆਲਾ ਵੱਲੋਂ 10 ਮਾਰਚ ਤੋਂ ਕ੍ਰਿਕਟ ਟੂਰਨਾਮੈਂਟ ਸ਼ੁਰੂ ਕੀਤੇ ਗਏ ਸਨ ਜਿਸ ਵਿਚ 16 ਟੀਮਾਂ ਨੇ ਭਾਗ ਲਿਆ ਅਤੇ ਫਾਈਨਲ ਮੈਚ ਭਿੰਭਰ ਤੇ ਸਠਿਆਲਾ ਦੀਆਂ ਟੀਮਾਂ ਦਰਮਿਆਨ ਹੋਇਆ।

ਇਸ ਫਾਈਨਲ ਮੈਚ ਵਿਚ ਸਠਿਆਲਾ ਦੀ ਟੀਮ ਜੇਤੂ ਰਹੀ ਤੇ ਬੈਸਟ ਬੈਟਸਮੈਨ ਮਨੀ ਬਿਆਸ ਤੇ ਬੈਸਟ ਬਾਲਰ ਮਨਦੀਪ ਯੂ. ਕੇ. ਨੂੰ ਐਲਾਨ ਕੀਤਾ ਗਿਆ।

ਇਸ ਮੌਕੇ ਜੇਤੂ ਟੀਮਾਂ ਨੂੰ ਇਨਾਮ ਸਰਪੰਚ ਦਲਵਿੰਦਰ ਸਿੰਘ, ਸਰਪੰਚ ਦਲਬੀਰ ਸਿੰਘ, ਯੂਥ ਅਕਾਲੀ ਦਲ ਬਾਦਲ ਦੇ ਕੌਮੀ ਜਰਨਲ ਸਕੱਤਰ ਗੁਰਜਿੰਦਰ ਸਿੰਘ ਗਿੰਦਾ, ਮਾ: ਜਗੀਰ ਸਿੰਘ, ਮਾ: ਗਗਨਦੀਪ ਸਿੰਘ, ਜੋਤੀ ਬੱਲ ਤੇ ਪ੍ਰਧਾਨ ਸਰਬਜੀਤ ਸਿੰਘ ਰਾਹੁਲ ਵੱਲੋਂ ਅੱਵਲ ਰਹੀ ਟੀਮ ਨੂੰ 25 ਹਜ਼ਾਰ ਰੁਪਏ ਤੇ ਦੂਸਰੀ ਪੁਜ਼ੀਸ਼ਨ ਹਾਸਲ ਕਰਨ ਵਾਲੀ ਟੀਮ ਨੂੰ 15 ਹਜ਼ਾਰ ਰੁਪਏ ਤੇ ਸ਼ੀਲਡ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਮਨੀ ਕੋਚ, ਗਾਇਕ ਸੁਰਜੀਤ ਜੀਤੂ, ਮਨਦੀਪ, ਸ਼ੇਰਾ, ਰਣਜੋਧ ਸਿੰਮਾ, ਅਭਿਸ਼ੇਕ, ਗੋਰਾ, ਦੀਪੂ, ਜੋਰਾਵਾਰ ਸਿੰਘ, ਸੰਜੂ ਬੱਲ, ਗੁਰਸੇਵਕ ਸਿੰਘ, ਧਰਮਬੀਰ ਸਿੰਘ, ਅਜੇ, ਵਿਪਨ ,ਵਰੁਣ, , ਮਨਿੰਦਰ ਸਿੰਘ ਅਮੋਲਕ ਸਿੰਘ ਆਦਿ ਕਲੱਬ ਮੈਂਬਰ ਹਾਜ਼ਰ ਸਨ। ਇਸ ਮੌਕੇ ਬਹੁਤ ਸਾਰੇ ਇਲਾਕਾ ਨਿਵਾਸੀ ਹਾਜ਼ਰ ਸਨ।

ਭਿੱਖੀਵਿੰਡ ਵਿਖੇ ਸ. ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਪਾਰਟੀ ਦਫਤਰ ਮਨਾਇਆ ਜਾਵੇਗਾ : ਭੱਟੀ

ਵਲਟੋਹਾ (ਰਣਜੀਤ ਸਿੰਘ ਵਲਟੋਹਾ)- ਦਿਹਾਤੀ ਮਜ਼ਦੂਰ ਸਭਾ ਵੱਲੋਂ 22 ਮਾਰਚ ਨੂੰ ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਭਿੱਖੀਵਿਡ ਪਾਰਟੀ ਦਫਤਰ ਵਿਖੇ ਮਨਾਇਆ ਜਾਵੇਗਾ।

ਦਿਹਾਤੀ ਮਜ਼ਦੂਰ ਸਭਾ ਦੇ ਮੀਤ ਪ੍ਰਧਾਨ ਗੁਰਬੀਰ ਸਿੰਘ ਭੱਟੀ ਰਾਜੋਕੇ, ਰੇਸ਼ਮ ਸਿੰਘ, ਗੋਰਖ ਸਿੰਘ, ਸ਼ੇਰ ਸਿੰਘ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਠੀਕ ਗਿਆਰਾਂ ਵਜੇ 23 ਮਾਰਚ ਦੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ।ਸ਼ਹੀਦ ਭਗਤ ਸਿੰਘ ਦਾ ਸ਼ਹੀਦੀ ਦਿਹਾੜਾ ਬੜੀ ਸ਼ਰਧਾ ਨਾਲ ਮਨਾਇਆ ਜਾਵੇਗਾ। ਅਸੀਂ ਪਾਰਟੀ ਵਰਕਰਾਂ ਨੂੰ ਬੇਨਤੀ ਕਰਦੇ ਹਾਂ ਕਿ ਵੱਧ ਤੋਂ ਵੱਧ ਵਰਕਰਾਂ ਨੂੰ ਲੈ ਕੇ ਭਿੱਖੀਵਿੰਡ ਪਾਰਟੀ ਦਫਤਰ ਪਹੁੰਚੋ। ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਨੂੰ ਪੂਰਾ ਕਰਨ ਲਈ ਅਸੀਂ ਪੂਰੀ ਤਨਦੇਹੀ ਲਗਾਵਾਂਗੇ। ਦਿਹਾਤੀ ਮਜ਼ਦੂਰ ਸਭਾ ਮਜ਼ਦੂਰ ਸਾਥੀਆਂ ਦੀਆਂ ਮੰਗਾਂ ਲਈ ਸੰਘਰਸ਼ ਕਰਦੀ ਰਹੇਗੀ।

ਪਠਾਨਕੋਟ ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਵਿਖੇ ਕੁਇਜ਼ ਮੁਕਾਬਲੇ ਕਰਵਾਏ ਗਏ

ਗੁਰਦਾਸਪੁਰ (ਜਨਕ ਮਹਾਜਨ)-ਪਠਾਨਕੋਟ ਕਾਲਜ ਆਫ਼ ਐਜੂਕੇਸ਼ਨ ਪਠਾਨਕੋਟ ਵਿਖੇ ਕਾਲਜ ਪ੍ਰਿੰਸੀਪਲ ਡਾ. ਰੁਪਿੰਦਰ ਕੌਰ ਦੀ ਪ੍ਰਧਾਨਗੀ ਹੇਠ ਭਾਰਤੀ ਸਿੱਖਿਆ ਮੰਡਲ ਦੇ ਜ਼ਿਲ੍ਹਾ ਕੋਆਰਡੀਨੇਟਰ ਓਮ ਪ੍ਰਕਾਸ਼ ਅਬਰੋਲ ਅਤੇ ਸੇਵਾ ਮੁਕਤ ਪ੍ਰਿੰ. ਵਰਿੰਦਰ ਦੀ ਦੇਖ ਰੇਖ ਹੇਠ ਸ਼ਹੀਦ ਏ ਆਜ਼ਮ ਸਰਦਾਰ ਭਗਤ ਸਿੰਘ ਦੀ ਜੀਵਨੀ ਸਬੰਧੀ ਕੁਇਜ਼ ਮੁਕਾਬਲੇ ਕਰਵਾਏ ਗਏ। ਇਸ ਮੌਕੇ ਬੀ.ਐੱਡ. ਅਤੇ ਈਟੀਟੀ ਦੇ ਵਿਦਿਆਰਥੀਆਂ ਨੇ ਵਧ-ਚੜ੍ਹ ਕੇ ਹਿੱਸਾ ਲਿਆ ਅਤੇ ਸ਼ਹੀਦ ਭਗਤ ਸਿੰਘ ਦੀ ਜੀਵਨੀ 'ਤੇ ਪ੍ਰਤੀਯੋਗਤਾ ਵਿਚ ਚੰਗਾ ਮੁਕਾਮ ਹਾਸਲ ਕੀਤਾ। ਇਸ ਪ੍ਰਤੀਯੋਗਤਾ ਵਿਚ ਬੱਚਿਆਂ ਨੂੰ ਯੋਗ ਅਤੇ ਖੇਡਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਬੀ.ਐਡ. ਦੇ ਵਿਦਿਆਰਥੀਆਂ ਵਲੋਂ ਸ਼ਹੀਦ ਭਗਤ ਸਿੰਘ ਦੀ ਜੀਵਨੀ 'ਤੇ ਇਕ ਡਰਾਮਾ ਵੀ ਪੇਸ਼ ਕੀਤਾ ਗਿਆ ਜਿਸ ਨੂੰ ਹਰ ਪਾਸਿਓਂ ਸਰਾਹਿਆ ਗਿਆ। ਕਾਲਜ ਪ੍ਰਿੰ. ਡਾ. ਰੁਪਿੰਦਰ ਕੌਰ ਨੇ ਭਗਤ ਸਿੰਘ ਵਲੋਂ ਭਾਰਤ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਦਿੱਤੇ ਬਲੀਦਾਨ ਅਤੇ ਉਨ੍ਹਾਂ ਦੀ ਦੇਸ਼ ਪ੍ਰੇਮ ਪ੍ਰਤੀ ਲਗਨ ਬਾਰੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ। ਉਨ੍ਹਾਂ ਦੇ ਨਕਸ਼ੇ ਕਦਮ ਤੇ ਚੱਲਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਸ਼ਹੀਦ ਭਗਤ ਸਿੰਘ ਦੇ ਜੀਵਨ ਤੋਂ ਸਾਨੂੰ ਕਈ ਪ੍ਰੇਰਨਾਵਾਂ ਮਿਲਦੀਆਂ ਹਨ ਅਤੇ ਸਾਡੇ ਲਈ ਸਾਡਾ ਰਾਸ਼ਟਰ ਸਭ ਤੋਂ ਉਚਾ ਹੈ। ਪ੍ਰਿੰਸੀਪਲ ਰੁਪਿੰਦਰ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਨਿਰੋਏ ਸਮਾਜ ਦੀ ਸਿਰਜਣਾ ਕਰਨੀ ਚਾਹੀਦੀ ਹੈ। ਉਨ੍ਹਾਂ ਕਿਹਾ ਸਾਡਾ ਹਰ ਕਦਮ ਰਾਸ਼ਟਰ ਦੇ ਵਿਕਾਸ ਵੱਲ ਵਧਣਾ ਚਾਹੀਦਾ ਹੈ। ਡਾ. ਰੁਪਿੰਦਰ ਕੌਰ ਨੇ ਦੱਸਿਆ ਕਿ ਇਸ ਪ੍ਰਤੀਯੋਗਤਾ ਵਿਚ ਬੀ.ਐਡ. ਕਲਾਸ ਦੀ ਮਾਨਵੀ ਨੇ ਪਹਿਲਾ ਸਥਾਨ, ਅਕਸ਼ੇ ਨੇ ਦੂਜਾ ਅਤੇ ਨਤਾਸ਼ਾ ਈਟੀਟੀ ਦੀ ਵਿਦਿਆਰਥਣ ਨੇ ਤੀਜਾ ਸਥਾਨ ਹਾਸਲ ਕੀਤਾ ਹੈ। ਉਨ੍ਹਾਂ ਕਿਹਾ ਸਾਡੇ ਕਾਲਜ ਵਲੋਂ ਅਜਿਹੇ ਮੁਕਾਬਲੇ ਸਮੇਂ-ਸਮੇਂ ਕਰਵਾਏ ਜਾਂਦੇ ਹਨ ਜਿਸ ਨਾਲ ਵਿਦਿਆਰਥੀਆਂ ਦਾ ਭੌਤਿਕ ਅਤੇ ਮਾਨਸਿਕ ਵਿਕਾਸ ਹੋ ਸਕੇ। ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਸ਼ਹੀਦ ਭਗਤ ਸਿੰਘ ਜੀ ਦੀਆ ਪੁਸਤਕਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਕਾਲਜ ਸਟਾਫ਼ ਮੈਂਬਰ, ਪ੍ਰੋ. ਉਮਾ ਸ਼ਰਮਾ, ਰਜਨੀਸ਼ ਮਹਾਜਨ, ਅਤੁਲ ਅਗਰਵਾਲ, ਅਨੂ ਸੈਣੀ, ਨਿਧੀ, ਪੂਜਾ, ਜਯੋਤੀ ਆਦਿ ਹਾਜ਼ਰ ਸਨ।

ਸੇਮ ਨਾਲੇ ਦੇ ਪੁਲ 'ਤੇ ਰੇਹੜੀਆਂ ਲੱਗਣ ਕਾਰਨ ਹਾਦਸਿਆਂ ਦਾ ਡਰ ਸਤਾਉਣ ਲੱਗਾ

ਗੁਰਦਾਸਪੁਰ (ਜਨਕ ਮਹਾਜਨ)-ਗੁਰਦਾਸਪੁਰ-ਮੁਕੇਰੀਆਂ ਰੋਡ ਸਥਿਤ ਤਿੱਬੜੀ ਰੋਡ 'ਤੇ ਪੈਂਦੇ ਰੇਲਵੇ ਅੰਡਰ ਬ੍ਰਿਜ ਨੂੰ ਪਾਰ ਕਰਕੇ ਬਾਬਾ ਟਹਿਲ ਸਿੰਘ ਜੀ ਗੁਰਦੁਆਰਾ ਸਾਹਿਬ ਦੇ ਅੱਗੇ ਪੈਂਦੇ ਸੇਮ ਨਾਲੇ 'ਤੇ ਬਣੇ ਪੁਲ ਵਿਚਕਾਰ ਲੱਗੀਆਂ ਖ਼ਾਣ ਪੀਣ ਵਾਲੀਆਂ, ਫ਼ਰੂਟ ਆਦਿ ਦੀਆਂ ਰੇਹੜੀਆਂ ਕਾਰਨ ਸਕੂਟਰ-ਮੋਟਰਸਾਈਕਲ ਸੜਕ ਵਿਚਕਾਰ ਖੜ੍ਹੇ ਕਰਕੇ ਲੋਕ ਖ਼ਰੀਦੋ ਫਰੋਖਤ ਕਰਨ ਲੱਗ ਪੈਂਦੇ ਹਨ ਜਿਸ ਕਾਰਨ ਹਰ ਹਾਦਸੇ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਅਜਿਹਾ ਪ੍ਰਸ਼ਾਸਨ ਦੀ ਅਣਗਹਿਲੀ ਤੇ ਧਿਆਨ ਨਾ ਦੇਣ ਕਰਕੇ ਹੋ ਰਿਹਾ ਹੈ।

ਲੋਕਾਂ ਦਾ ਕਹਿਣਾ ਹੈ ਕਿ ਨਗਰ ਕੌਂਸਲ ਅਤੇ ਲੋਕ ਨਿਰਮਾਣ ਵਿਭਾਗ ਵਲੋਂ ਇਨ੍ਹਾਂ ਰੇਹੜੀਆਂ ਆਦਿ ਦੇ ਪੁਲ 'ਤੇ ਖੜੇ ਹੋਣ ਨੂੰ ਸਮੇਂ ਸਿਰ ਨਾ ਰੋਕਿਆ ਗਿਆ ਤਾਂ ਆਏ ਦਿਨ ਇਸ ਪੁਲ 'ਤੇ ਰੇਹੜੀਆਂ ਦੀ ਗਿਣਤੀ ਵਧਣੀ ਸ਼ੁਰੂ ਹ�ो ਜਾਵੇਗੀ। ਗਰਮੀਆਂ ਦੇ ਸੀਜ਼ਨ ਵਿਚ ਰੇਹੜੀਆਂ 'ਤੇ ਛਤਰੀਆਂ ਵਗੈਰਾ ਲੱਗਣ ਕਰਕੇ ਪੁਲ 'ਤੇ ਰਸ਼ ਵਧ ਜਾਵੇਗਾ ਜਿਸ ਨਾਲ ਟਰੈਫ਼ਿਕ ਸਮੱਸਿਆ ਵਧ ਜਾਵੇਗੀ।

ਲੋਕਾਂ ਦੀ ਸਬੰਧਿਤ ਵਿਭਾਗ ਨਗਰ ਕੌਂਸਲ ਅਤੇ ਲੋਕ ਨਿਰਮਾਣ ਵਿਭਾਗ ਪਾਸੋਂ ਮੰਗ ਕੀਤੀ ਕਿ ਰੀਨੇ ਨਾਲੇ 'ਤੇ ਬਣੇ ਪੁਲ 'ਤੇ ਖੜੀਆਂ ਰੇਹੜੀਆਂ ਨੂੰ ਇਥੇ ਖੜ੍ਹੇ ਹੋਣ ਤੋਂ ਰੋਕਿਆ ਜਾਵੇ ਤਾਂ ਜੋ ਕਿਸੇ ਸਮੇਂ ਵੀ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ।

ਕਾਂਗਰਸ ਦੇ ਹੱਕ 'ਚ ਭਗਵੰਤ ਪਾਲ ਸੱਚਰ ਵੱਲੋਂ ਪਿੰਡ-ਪਿੰਡ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)—ਚੋਣ ਕਮਿਸ਼ਨ ਵੱਲੋਂ ਲੋਕ ਸਭਾ ਚੋਣਾਂ ਦੀਆਂ ਤਾਰੀਖਾਂ ਦੇ ਐਲਾਨ ਹੁੰਦੇ ਸਾਰ ਹੀ ਸਾਰੀਆਂ ਰਾਜਨੀਤਿਕ ਪਾਰਟੀਆਂ ਨੇ ਆਪੋ ਆਪਣੀਆਂ ਗਤੀਵਿਧੀਆਂ ਤੇਜ਼ ਕਰ ਦਿੱਤੀਆਂ ਹਨ। ਏਸੇ ਲੜੀ ਦੇ ਤਹਿਤ ਵਿਧਾਨ ਸਭਾ ਹਲਕਾ ਮਜੀਠਾ ਵਿੱਤ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਭਗਵੰਤ ਪਾਲ ਸਿੰਘ ਸੱਚਰ ਵੱਲੋਂ ਵੀ ਪਿੰਡ-ਪਿੰਡ ਮੀਟਿੰਗਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਹੈ। ਸਾਬਕਾ ਸਰਪੰਚ ਸੁਖਦੇਵ ਸਿੰਘ ਤਲਵੰਡੀ ਖੁੰਮਣ ਦੇ ਗ੍ਰਹਿ ਵਿਖੇ ਮੋਹਤਬਰ ਵਿਅਕਤੀਆਂ ਨਾਲ ਮੀਟਿੰਗ ਕਰਨ ਉਪਰੰਤ ਗੱਲਬਾਤ ਕਰਦਿਆਂ ਸੱਚਰ ਨੇ ਕਿਹਾ ਕਿ ਇਸ ਵਾਰ ਪੰਜਾਬ ਦੇ ਲੋਕ ਕੇਂਦਰ ਦੀ ਲੋਕਮਾਰੂ ਮੋਦੀ ਸਰਕਾਰ ਤੇ ਪੰਜਾਬ ਵਿਚਲੀ ਭਗਵੰਤ ਮਾਨ ਦੀ ਸਰਕਾਰ ਦੇ ਜੁਮਲਿਆਂ ਨੂੰ ਚੰਗੀ ਤਰਾਂ ਸਮਝ ਚੁੱਕੇ ਹਨ ਤੇ ਇਸ ਵਾਰ ਬਹੁਤ ਸੋਚ ਸਮਝ ਕੇ ਵੋਟ ਦਾ ਇਸਤੇਮਾਲ ਕਰਦਿਆਂ ਕਾਂਗਰਸ ਪਾਰਟੀ ਦੇ ਹੱਕ ਵਿੱਚ ਵੋਟ ਪਾਉਣਗੇ ਤਾਂ ਜੋ ਇਨ੍ਹਾਂ ਦੋਵਾਂ ਸਰਕਾਰਾਂ ਕੋਲੋਂ ਬਦਲਾ ਲਿਆ ਜਾ ਸਕੇ। ਸੱਚਰ ਨੇ ਅਪੀਲ ਕਰਦਿਆਂ ਕਿਹਾ ਕਿ ਹਰ ਵਿਅਕਤੀ ਆਪਣੀ ਜ਼ਿੰਮੇਵਾਰੀ ਨੂੰ ਸਮਝਦਿਆਂ ਹੋਇਆਂ ਬੂਥ ਪੱਧਰ ਤੱਕ ਤੇ ਘਰ-ਘਰ ਕਾਂਗਰਸ ਪਾਰਟੀ ਦਾ ਸੁਨੇਹਾ ਪਹੁੰਚਾਇਆ ਜਾਵੇ ਤਾਂ ਜੋ ਅਗਾਮੀ ਚੋਣਾਂ ਵਿੱਚ ਕਾਂਗਰਸੀ ਉਮੀਦਵਾਰਾਂ ਦੀ ਵੱਡੀ ਜਿੱਤ ਹੋ ਸਕੇ। ਇਸ ਮੌਕੇ ਸਾਬਕਾ ਸਰਪੰਚ ਸੁੱਖਦੇਵ ਸਿੰਘ, ਰਣਜੀਤ ਸਿੰਘ, ਦਲਜੀਤ ਸਿੰਘ ਪਾਖਰਪੁਰ, ਨਵਤੇਜ ਪਾਲ ਸਿੰਘ, ਸੂਬੇਦਾਰ ਨਾਨਕ ਸਿੰਘ, ਪਲਵਿੰਦਰ ਸਿੰਘ, ਟਹਿਲ ਸਿੰਘ, ਜਗੀਰ ਸਿੰਘ ਦੋਧੀ, ਬਾਬਾ ਜੀਵਨ ਸਿੰਘ, ਮੇਵਾ ਸਿੰਘ, ਸਰਦੂਲ ਸਿੰਘ ਬਿੱਟੂ, ਹਰਪਾਲ ਸਿੰਘ, ਕੇਵਲਦੀਪ ਸਿੰਘ, ਅਨੋਖ ਸਿੰਘ, ਮਿਸਤਰੀ ਸਤਨਾਮ ਸਿੰਘ, ਗੁਰਦੀਪ ਸਿੰਘ, ਸੁਖਦੇਵ ਸਿੰਘ ਖੈੜਾ, ਬਲਦੇਵ ਸਿੰਘ ਆਦਿ ਆਗੂ ਵੀ ਹਾਜ਼ਰ ਸਨ।

ਵਜ਼ੀਰ ਸਿੰਘ ਰੰਧਾਵਾ ਦਾ ਨਾਵਲ 'ਡੁੱਲ੍ਹੇ ਬੇਰ' ਲੋਕ ਅਰਪਿਤ

ਅੰਮ੍ਰਿਤਸਰ ਜਸਬੀਰ ਸਿੰਘ ਪੱਟੀ)-ਪੰਜਾਬੀ ਗਲਪਕਾਰ ਵਜ਼ੀਰ ਸਿੰਘ ਰੰਧਾਵਾ ਦਾ ਨਵ-ਪ੍ਰਕਾਸਿਤ ਨਾਵਲ 'ਡੁੱਲ੍ਹੇ ਬੇਰ' ਭਾਈ ਕਾਹਨ ਸਿੰਘ ਨਾਭਾ ਰਚਨਾ ਵਿਚਾਰ ਮੰਚ ਵੱਲੋਂ ਹਰ ਵਰ੍ਹੇ ਕਰਵਾਏ ਜਾਂਦੇ ਨਾਭਾ ਕਵਿਤਾ ਉਤਸਵ ਮੌਕੇ ਲੋਕ ਅਰਪਿਤ ਕੀਤਾ ਗਿਆ। ਕੇਂਦਰੀ ਸਭਾ ਦੇ ਸਕੱਤਰ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਸ਼ਾਇਰ ਦਰਸ਼ਨ ਬੁੱਟਰ ਅਤੇ ਜੈਨਇੰਦਰ ਚੌਹਾਨ ਹੁਰਾਂ ਦੀ ਅਗਵਾਈ ਵਿਚ ਹੋਏ ਇਸ ਸਮਾਗਮ ਦੀ ਪ੍ਰਧਾਨਗੀ ਡਾ. ਵਰਿਆਮ ਸਿੰਘ ਸੰਧੂ ਅਤੇ ਡਾ. ਲਖਵਿੰਦਰ ਜੌਹਲ ਨੇ ਸਾਂਝੇ ਤੌਰ 'ਤੇ ਕੀਤੀ। ਲੇਖਕ ਵਜ਼ੀਰ ਸਿੰਘ ਰੰਧਾਵਾ ਨੂੰ ਵਧਾਈ ਦਿੰਦਿਆਂ ਵਰਿਆਮ ਸਿੰਘ ਸੰਧੂ ਨੇ ਕਿਹਾ ਕਿ ਨਾਵਲ 'ਡੁੱਲ੍ਹੇ ਬੇਰ' ਇੱਕੀਵੀਂ ਸਦੀ ਦੀ ਦਿਸ਼ਾਹੀਣ ਹੋਈ ਪੀੜ੍ਹੀ ਦੀ ਮਾਰਮਿਕ ਕਸ਼ੀਦਾਕਾਰੀ ਕਰਦਾ ਹੈ। ਡਾ. ਲਖਵਿੰਦਰ ਜੌਹਲ ਨੇ ਨਾਵਲ ਤੇ ਟਿੱਪਣੀ ਕਰਦਿਆਂ ਕਿਹਾ ਕਿ ਇਸ ਨਾਵਲ ਵਿਚ ਪੰਜਾਬੀ ਬੰਦੇ ਦਾ ਜੀਣ-ਥੀਣ, ਰਹਿਣ ਸਹਿਣ ਅਤੇ ਖਾਣ-ਪੀਣ ਦੇ ਆਏ ਬਦਲਾਅ ਦਾ ਖੂਬਸੂਰਤ ਚਿਤਰਣ ਕੀਤਾ ਗਿਆ ਹੈ। ਸੁਸ਼ੀਲ ਦੁਸਾਂਝ ਅਤੇ ਡਾ. ਹਰਜਿੰਦਰ ਸਿੰਘ ਅਟਵਾਲ ਨੇ ਕਿਹਾ ਕਿ ਨਾਵਲ ਦੇ ਸਮੁੱਚੇ ਪਾਤਰ ਕਿਤੇ ਵੀ ਸਮਾਜਿਕ ਮਰਿਆਦਾ ਦਾ ਉਲੰਘਣ ਨਹੀਂ ਕਰਦੇ। ਡਾ. ਦੀਪਕ ਮਨਮੋਹਨ, ਰਵਿੰਦਰ ਸਹਿਰਾਅ ਅਤੇ ਆਈ. ਪੀ. ਐੱਸ. ਮਨਮੋਹਨ ਨੇ ਵੀ ਨਾਵਲ 'ਤੇ ਸਾਰਥਕ ਚਰਚਾ ਕੀਤੀ। ਸੁਰਿੰਦਰ ਸਿੰਘ ਸੁੰਨੜ, ਸ਼ੈਲਿੰਦਰਜੀਤ ਰਾਜਨ, ਹਰਜੀਤ ਸਿੰਘ ਸੰਧੂ, ਮੱਖਣ ਕੁਹਾੜ, ਗੁਰਮੀਤ ਬਾਜਵਾ, ਮਨਮੋਹਨ ਢਿੱਲੋਂ, ਸਰਬਜੀਤ ਸੰਧੂ, ਡਾ. ਮੋਹਨ, ਡਾ. ਹੀਰਾ ਸਿੰਘ ਅਤੇ ਡਾ. ਬਲਜੀਤ ਢਿੱਲੋਂ ਆਦਿ ਨੇ ਵੀ ਵਜ਼ੀਰ ਸਿੰਘ ਰੰਧਾਵਾ ਨੂੰ ਉਨ੍ਹਾਂ ਦੀ ਸੱਜਰੀ ਤੇ ਬਹੁ-ਮੁੱਲੀ ਸਾਹਿਤਕ ਕਿਰਤ ਦੀ ਮੁਬਾਰਕਬਾਦ ਦਿੱਤੀ।

ਆਂਗਣਵਾੜੀ ਸੈਂਟਰਾਂ ਦੇ ਖੋਹੇ ਲੱਖਾਂ ਬੱਚੇ ਵਾਪਸ ਕੀਤੇ ਜਾਣ: ਹਰਗੋਬਿੰਦ ਕੌਰ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)- ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਜ਼ਿਲ੍ਹਾ ਅੰਮ੍ਰਿਤਸਰ ਦੀ ਮੀਟਿੰਗ ਯੂਨੀਅਨ ਦੀ ਸੂਬਾ ਜਨਰਲ ਸਕੱਤਰ ਦਲਜਿੰਦਰ ਕੌਰ ਉਦੋਨੰਗਲ ਦੀ ਪ੍ਰਧਾਨਗੀ ਹੇਠ ਅੰਮ੍ਰਿਤਸਰ ਵਿਖੇ ਹੋਈ ਜਿਸ ਦੌਰਾਨ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਵਿਸ਼ੇਸ਼ ਤੌਰ 'ਤੇ ਪਹੁੰਚੇ। ਮੀਟਿੰਗ ਵਿੱਚ ਬੋਲਦਿਆਂ ਹਰਗੋਬਿੰਦ ਕੌਰ ਨੇ ਮੰਗ ਕੀਤੀ ਹੈ ਕਿ ਆਂਗਣਵਾੜੀ ਸੈਂਟਰਾਂ ਦੇ ਜਿਨ੍ਹਾਂ ਛੋਟੇ ਬੱਚਿਆਂ ਨੂੰ ਸਾਲ 2017 ਦੌਰਾਨ ਆਂਗਣਵਾੜੀ ਸੈਂਟਰਾਂ ਤੋਂ ਖੋਹ ਕੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਦਾਖਲ ਕਰ ਲਿਆ ਸੀ ਉਨ੍ਹਾਂ ਬੱਚਿਆਂ ਨੂੰ ਵਾਪਸ ਆਂਗਣਵਾੜੀ ਸੈਂਟਰਾਂ ਵਿੱਚ ਭੇਜਿਆ ਜਾਵੇ। ਉਨ੍ਹਾਂ ਕਿਹਾ ਕਿ ਇੰਨਾ ਲੰਮਾ ਸਮਾਂ ਲੰਘ ਜਾਣ ਦੇ ਬਾਵਜੂਦ ਇਨ੍ਹਾਂ ਬੱਚਿਆਂ ਨੂੰ ਅਜੇ ਤੱਕ ਵਾਪਸ ਆਂਗਣਵਾੜੀ ਸੈਂਟਰਾਂ ਵਿੱਚ ਨਹੀਂ ਭੇਜਿਆ ਗਿਆ। ਉਨ੍ਹਾਂ ਕਿਹਾ ਕਿਹਾ ਕਿ ਹੁਣ ਵੀ ਪੰਜਾਬ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਤਿੰਨ ਸਾਲ ਦੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਦਾਖਲ ਕੀਤਾ ਜਾਵੇਗਾ ਅਤੇ ਇਹ ਬੱਚੇ ਸਕੂਲਾਂ ਵਿੱਚ ਦਾਖਲ ਕੀਤੇ ਜਾ ਰਹੇ ਹਨ ਜਿਸ ਦਾ ਜਥੇਬੰਦੀ ਸਖਤ ਵਿਰੋਧ ਕਰਦੀ ਹੈ। ਉਨ੍ਹਾਂ ਇਹ ਵੀ ਮੰਗ ਕ

20-March-PAGE-12 qxd.qxd 3/19/2024 10:59 PM Page 1

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ 'ਤੇ ਵਿਸ਼ੇਸ਼ ਸਪਲੀਮੈਂਟ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਦੀਆਂ ਲੱਖ-ਲੱਖ ਮੁਬਾਰਕਾਂ

ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ
ਸੁਖਵਿੰਦਰ ਸੋਹੀ ਜਨਰਲ ਸਿਕਟਰੀ
ਜੋਗਿੰਦਰ ਸਿਘ ਜਾਤੀਕੇ ਜ਼ਿਲ੍ਹਾ ਚੇਅਰਮੈਨ
ਬਰਿੰਦਰ ਚਾਨਾ ਸੀਨੀ. ਆਗੂ ਪ੍ਰੈਸ ਕਲੱਬ
ਰਜਿੰਦਰ ਸ਼ਰਮਾ ਉਪ ਪ੍ਰਧਾਨ
ਦੀਪਕ ਮਰਵਾਹਾ ਉਪ ਚੇਅਰਮੈਨ
ਨਿਤਿਸ਼ ਵਿਜ ਪੱਤਰਕਾਰ
ਸੁਰਿੰਦਰ ਸੱਭਰਵਾਲ ਸੀਨੀ. ਆਗੂ
ਸੁਰਜੀਤ ਸਿਘ ਗੋਰਾ ਪੱਤਰਕਾਰ
ਪਰਮਜੀਤ ਸਨੀ ਉਪ ਚੇਅਰਮੈਨ
ਰੋਬਿਨ ਖੰਨਾ ਪੱਤਰਕਾਰ
ਹਰਪ੍ਰੀਤ ਸਿਘ ਨਡਾਲਾ ਪੱਤਰਕਾਰ
ਤਰਲੋਚਨ ਸਿਘ ਚਾਹਲ
ਗੌਰਵ ਮੜੀਆ ਉਪ ਪ੍ਰਧਾਨ
ਸਵਰਨ ਸਿਘ ਚੰਦੀ ਪ੍ਰਧਾਨ ਲੋਹੀਆਂ ਯੂਨਿਟ
ਪ੍ਰੀਤਮ ਸਿਘ ਥਿੰਦ ਜਨਰਲ ਸੈਕਟਰੀ
ਅਸ਼ੋਕ ਲਾਡੀ ਜ਼ਿਲ੍ਹਾ ਪ੍ਰਧਾਨ ਜਲੰਧਰ
ਗੋਬਿੰਦ ਰਾਏ ਬਲਾਕ ਪ੍ਰਧਾਨ, ਨਕੋਦਰ
ਗੁਰਦੀਪ ਸਿਘ ਹੀਰਾ ਸੀਨੀ. ਆਗੂ ਜਲੰਧਰ
ਜਗਦੀਸ਼ ਸਿਘ ਮਹੇਤੂ ਸੀਨੀ. ਆਗੂ ਪ੍ਰੈਸ ਕਲੱਬ
ਰਾਜੇਸ਼ ਕੁਮਾਰ ਜ਼ਿਲ੍ਹਾ ਪ੍ਰਧਾਨ ਜਲੰਧਰ
ਜਸਬੀਰ ਸਿਘ ਸਿੱਧੂ ਚੇਅਰਮੈਨ ਮਾਲਵਾ ਜੋਨ ਬਠਿੰਡਾ
ਬਹਾਦਰ ਸਿਘ ਸੋਨੀ ਜਨਰਲ ਸਕੱਤਰ
ਡਾ. ਰਮਨ ਪ੍ਰਧਾਨ ਫਗਵਾੜਾ
ਕੁਲਦੀਪ ਸਿਘ ਨੂਰ ਜਨਰਲ ਸਕੱਤਰ ਫਗਵਾੜਾ
ਬਲਵਿੰਦਰ ਸਿਘ ਲਾਡੀ ਚੇਅਰਮੈਨ, ਸੁਲਤਾਨਪੁਰਲੋਧੀ
ਜਤਿੰਦਰ ਸੇਠੀ ਪ੍ਰਧਾਨ, ਸੁਲਤਾਨਪੁਰਲੋਧੀ
ਨਰੇਸ਼ ਹੈਪੀ ਜਨਰਲ ਸਕੱਤਰ, ਸੁਲਤਾਨਪੁਰਲੋਧੀ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਅਮਿਤ ਕੁਮਾਰ ਪੰਚਾਲ ਡੀ ਸੀ, ਕਪੂਰਥਲਾ
ਵਤਸਲਾ ਗੁਪਤਾ ਐਸ ਐਸ ਪੀ ਕਪੂਰਥਲਾ
ਸਰਬਜੀਤ ਸਿਘ ਰਾਏ ਐਸ ਪੀ ਡੀ, ਕਪੂਰਥਲਾ
ਅਮਨਦੀਪ ਨਾਹਰ ਇੰਸਪੈਕਟਰ
ਸੋਨਮਦੀਪ ਕੌਰ ਇੰਸਪੈਕਟਰ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਵਿਕਾਸ ਸੱਭਰਵਾਲ ਏ ਡੀ ਏ ਕਪੂਰਥਲਾ
ਮਨਜੀਤ ਮਾਨ ਸੂਬਾ ਪ੍ਰਧਾਨ, ਜਰਨਲਿਸਟ ਪ੍ਰੈਸ ਕਲੱਬ ਪੰਜਾਬ
ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ ਕਪੂਰਥਲਾ, ਜਰਨਲਿਸਟ ਪ੍ਰੈਸ ਕਲੱਬ ਪੰਜਾਬ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਮਨਦੀਪ ਕੌਰ ਇੰਸਪੈਕਟਰ
ਐਡਵੋਕੇਟ ਦਰਸ਼ਨ ਸਿਘ ਕਪੂਰਥਲਾ
ਜਸਪ੍ਰੀਤ ਸਿਘ ਢਿੱਲੋਂ ਕਪੂਰਥਲਾ
ਬਲਤੇਜ ਸਿਘ ਢਿੱਲੋਂ ਸੀਨੀ. ਐਡਵੋਕੇਟ
ਜੋਬਨਪ੍ਰੀਤ ਸਿਘ ਸੰਗੋਜਲਾ ਐਡਵੋਕੇਟ, ਯੂ ਕੇ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਕੁਲਦੀਪ ਸਿਘ ਸਮਾਜ ਸੇਵਕ
ਹਰਜਿੰਦਰ ਸਿਘ ਰਿਟਾ. ਸਬ-ਇਸਪੈਕਟਰ
ਸਵਿੰਦਰਪਾਲ ਸਿਘ ਚਾਹਲ ਸਮਾਜ ਸੇਵਕ
ਹਰਵਿੰਦਰ ਸਿਘ ਅੱਜਲਾ ਸਮਾਜ ਸੇਵਕ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਵਰਿੰਦਰ ਰਾਜਪੂਤ ਜਲੰਧਰ
ਪਰਮਜੀਤ ਸਿਘ ਚੌਹਾਨ ਸਰਪ੍ਰਸਤ ਸ੍ਰੀ ਮੁਕਤਸਰ ਸਾਹਿਬ
ਪਰਮਿੰਦਰ ਸਿਘ ਪਾਸ਼ਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ
ਜਗਜੀਤ ਸਿਘ ਜਨਰਲ ਸਕੱਤਰ, ਨਡਾਲਾ

ਮਨਜੀਤ ਸਿਘ ਸੰਗੋਜਲਾ ਸਾਬਕਾ ਸਰਪੰਚ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਰਾਹੁਲ ਲਹਿਰੀ ਪ੍ਰਸਿੱਧ ਮੰਚ ਸੰਚਾਲਕ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਮਨਦੀਪ ਸਿਘ ਤਹਿਸੀਲਦਾਰ ਫਗਵਾੜਾ
ਰਜੀਵ ਖੋਸਲਾ ਨਾਇਬ ਤਹਿਸੀਲਦਾਰ ਕਪੂਰਥਲਾ
ਨਵਜੋਤ ਕੌਰ ਕਾਨੂੰਗੋ, ਕਪੂਰਥਲਾ
ਧਨਦੀਪ ਕੌਰ ਐਡਵੋਕੇਟ, ਫਗਵਾੜਾ
ਮਨਦੀਪ ਸਿਘ ਪਟਵਾਰੀ
ਸਨੀ ਭਾਟੀਆ ਕਪੂਰਥਲਾ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਲਾਲ ਵਿਸ਼ਵਾਸ਼ ਐਸ ਡੀ ਐਮ
ਕੁਲਜੀਤ ਸਿਘ ਗੇਡਰ, ਕਪੂਰਥਲਾ
ਗੁਰਮੀਤ ਸਿਘ ਮਾਨ ਐਸ ਡੀ ਐਮ ਜੀਰਾ

ਹਰਜਿੰਦਰ ਸਿਘ ਸੰਧੂ ਡੀ ਡੀ ਪੀ ਓ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਸੁਖਜਿੰਦਰ ਸਿਘ ਪੰਚਾਇਤ ਅਫ਼ਸਰ, ਕਪੂਰਥਲਾ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਐਡਵੋਕੇਟ ਜੋਬਨਪ੍ਰੀਤ ਸਿਘ ਸੰਗੋਜਲਾ ਯੂ ਕੇ
ਮਹਿਕਦੀਪ ਸੰਗੋਜਲਾ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਮਨਜੀਤ ਮਾਨ ਸੂਬਾ ਪ੍ਰਧਾਨ
ਜੋ ਐਸ ਸੰਧੂ ਸੂਬਾ ਸਰਪ੍ਰਸਤ
ਰਾਕੇਸ਼ ਖੰਨਾ ਸੂਬਾ ਚੇਅਰਮੈਨ
ਪ੍ਰਿਤਪਾਲ ਸਿਘ ਕੁਆਰਡੀਨੇਟਰ
ਪ੍ਰੀਤ ਸੰਗੋਜਲਾ ਜ਼ਿਲ੍ਹਾ ਪ੍ਰਧਾਨ
ਚੰਦਰ ਸ਼ੇਖਰ ਸ਼ਰਮਾ ਸੂਬਾ ਕਾਨੂੰਨੀ ਸਲਾਹਕਾਰ
ਦੀਪਕ ਸ਼ਰਮਾ ਸੂਬਾ ਕਾਨੂੰਨੀ ਸਲਾਹਕਾਰ
ਰਾਮ ਸਿਘ ਭੱਟੀ ਮੁੱਖ ਬੁਲਾਰਾ, ਪੰਜਾਬ

ਵੱਲੋਂ : ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ, ਕਪੂਰਥਲਾ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਬਲਵੰਤ ਸਿਘ ਜ਼ਿਲ੍ਹਾ ਜਨਰਲ ਸਕੱਤਰ, ਕਾਂਗਰਸ
ਪ੍ਰਮਿੰਦਰ ਸਿਘ ਬਨੂੰ ਸੀਨੀਅਰ ਕਾਂਗਰਸੀ ਆਗੂ
ਕਰਨੈਲ ਸਿਘ ਸਿੱਧੂ ਸੀਨੀਅਰ ਕਾਂਗਰਸੀ ਆਗੂ

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ ਪੱਤਰਕਾਰ ਪ੍ਰੀਤ ਸੰਗੋਜਲਾ ਵੱਲੋਂ ਸਪਲੀਮੈਂਟ ਕੱਢਣ 'ਤੇ ਮੁਬਾਰਕਾਂ

ਰਜਨੀ ਬਾਲਾ ਜ਼ਿਲ੍ਹਾ ਪ੍ਰਧਾਨ ਮਹਿਲਾ ਵਿੰਗ ਕਪੂਰਥਲਾ
ਰਾਹੁਲ ਸ਼ਰਮਾ ਪੱਤਰਕਾਰ
ਅੰਮ੍ਰਿਤ ਸ਼ਾਂਤ ਜਨਰਲ ਸਕੱਤਰ ਸ੍ਰੀ ਮੁਕਤਸਰ ਸਾਹਿਬ
ਬਲਕਾਰ ਸਿਘ ਸਾਬਕਾ ਸਰਪੰਚ ਤਲਵੰਡੀ ਮਹਿਮਾ

ਧੰਨਵਾਦ

ਮਨਜੀਤ ਮਾਨ
ਸੂਬਾ ਪ੍ਰਧਾਨ ਜਰਨਲਿਸਟ ਪ੍ਰੈਸ ਕਲੱਬ ਰਜਿ. ਪੰਜਾਬ
ਮੋਬਾ. 98728-88955

ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 10ਵੀਂ ਵਰ੍ਹੇਗੰਢ ਮੌਕੇ ਜਿਨ੍ਹਾਂ ਵੀਰਾਂ ਸੱਜਣਾਂ ਨੇ ਕਪੂਰਥਲਾ ਵਿਸ਼ੇਸ਼ ਸਪਲੀਮੈਂਟ ਕੱਢਣ 'ਚ ਮੇਰਾ ਦਿਲੋਂ ਸਹਿਯੋਗ ਕੀਤਾ, ਮੈਂ ਉਨ੍ਹਾਂ ਸੱਜਣਾਂ ਦਾ ਤਹਿ ਦਿਲੋਂ ਧੰਨਵਾਦੀ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਅੱਗੇ ਤੋਂ ਵੀ ਇਸੇ ਤਰ੍ਹਾਂ ਮੇਰਾ ਸਾਥ ਦਿੰਦੇ ਰਹਿਣਗੇ।

ਪ੍ਰੀਤ ਸੰਗੋਜਲਾ
ਪੱਤਰਕਾਰ ਤੇ ਜ਼ਿਲ੍ਹਾ ਪ੍ਰਧਾਨ ਕਪੂਰਥਲਾ, ਜਰਨਲਿਸਟ ਪ੍ਰੈਸ ਕਲੱਬ ਰਜਿ. ਪੰਜਾਬ
ਮੋਬਾ. 99143-35663

ਜਰਨਲਿਸਟ ਪ੍ਰੈੱਸ ਕਲੱਬ ਪੰਜਾਬ ਸਟੇਟ ਬਾਡੀ ਦੀ ਵਿਸ਼ੇਸ਼ ਮੀਟਿੰਗ 22 ਨੂੰ

ਕਪੂਰਥਲਾ (ਪ੍ਰੀਤ ਸੰਗੋਜਲਾ) ਜਰਨਲਿਸਟ ਪ੍ਰੈੱਸ ਕਲੱਬ ਇਕਾਈ ਸੁਲਤਾਨਪੁਰ ਲੋਧੀ (ਰਜਿ) ਪੰਜਾਬ ਦੇ ਪ੍ਰਧਾਨ ਜਤਿੰਦਰ ਸੇਠੀ ਨੇ ਦੱਸਿਆ ਕਿ ਪੱਤਰਕਾਰ ਭਾਈਚਾਰੇ ਨੂੰ ਆਉਣ ਵਾਲੀਆਂ ਮੁਸ਼ਕਿਲਾਂ ਬਾਰੇ ਵਿਚਾਰ ਵਟਾਂਦਰਾ ਕਰਨ ਲਈ ਜਰਨਲਿਸਟ ਪ੍ਰੈਸ ਕਲੱਬ (ਰਜਿ) ਪੰਜਾਬ ਇਕਾਈ ਦੇ ਸੀਨੀਅਰ ਅਹੁਦੇਦਾਰਾਂ ਦੀ ਇੱਕ ਹੰਗਾਮੀ ਮੀਟਿੰਗ 22 ਮਾਰਚ ਨੂੰ ਦੁਪਹਿਰ 12: 30 ਵਜੇ ਪ੍ਰੈੱਸ ਕਲੱਬ ਭਵਨ ਸੁਲਤਾਨਪੁਰ ਲੋਧੀ ਵਿਖੇ ਆਯੋਜਿਤ ਕੀਤੀ ਜਾ ਰਹੀ ਹੈ, ਜਿਸ ਵਿਚ ਕਲੱਬ ਦੇ ਸੂਬਾ ਪ੍ਰਧਾਨ ਮਨਜੀਤ ਮਾਨ, ਪੰਜਾਬ ਦੀ ਸਟੇਟ ਬਾਡੀ ਤੋਂ ਇਲਾਵਾ ਜ਼ਿਲ੍ਹਾ ਕਪੂਰਥਲਾ ਦੇ ਪ੍ਰਧਾਨ ਪ੍ਰੀਤ ਸੰਗੋਜਲਾ ਸਮੇਤ ਜ਼ਿਲ੍ਹਾ ਕਪੂਰਥਲਾ ਦੀ ਬਾਡੀ ਵੀ ਹਾਜ਼ਰ ਹੋਵੇਗੀ। ਜਲੰਧਰ, ਜ਼ਿਲ੍ਹਾ ਕਪੂਰਥਲਾ, ਭੁਲੱਥ, ਬੇਗੋਵਾਲ, ਫ਼ਗਵਾੜਾ, ਲੋਹੀਆਂ ਖ਼ਾਸ ਅਤੇ ਸੁਲਤਾਨਪੁਰ ਲੋਧੀ ਨਾਲ਼ ਸੰਬੰਧਿਤ ਸਮੂਹ ਅਹੁਦੇਦਾਰਾਂ ਅਤੇ ਸੀਨੀਅਰ ਪੱਤਰਕਾਰ ਵੀ ਸ਼ਿਰਕਤ ਕਰਨਗੇ। ਸੇਠੀ ਨੇ ਕਿਹਾ ਕਿ ਫ਼ੀਲਡ ਵਿੱਚ ਕੰਮ ਕਰਦਿਆਂ ਪੱਤਰਕਾਰ ਸਾਥੀਆਂ ਨੂੰ ਬਹੁਤ ਹੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਉਨ੍ਹਾਂ ਨੇ

ਆਪ ਸਰਕਾਰ ਕੋਲੋ ਜ਼ੋਰਦਾਰ ਮੰਗ ਕਰਦਿਆਂ ਕਿਹਾ ਕਿ ਪੱਤਰਕਾਰਾਂ ਨੂੰ ਬੱਸ ਅਤੇ ਰੇਲ ਸਫ਼ਰ ਏ ਸੀ,ਪੱਤਰਕਾਰੀ ਦੇ ਖੇਤਰ ਵਿੱਚ 20 ਸਾਲ ਸੇਵਾ ਕਰਨ ਵਾਲੇ ਸਾਥੀਆਂ ਨੂੰ ਘੱਟੋ ਘੱਟ 20 ਹਜ਼ਾਰ ਰੁਪਏ ਪੈਨਸ਼ਨ ਦੇਵੇ। ਸਰਕਾਰ ਪੱਤਰਕਾਰਾਂ ਨੂੰ 5-5 ਮਰਲੇ ਦੇ ਪਲਾਟ ਜਾਂ ਮਕਾਨ ਬਣਾ ਕੇ ਦੇਵੇ, ਬੱਚਿਆਂ ਦੀ ਐਜੂਕੇਸ਼ਨ ਫ੍ਰੀ ਕੀਤੀ ਜਾਵੇ।

ਕਾਲਜ ਦੀਆਂ ਦੋ ਵਿਦਿਆਰਥਣਾਂ 'ਵਰਸਿਟੀ ਦੀ ਮੈਰਿਟ ਸੂਚੀ 'ਚ

ਮਾਹਿਲਪੁਰ (ਸਫਰੀ)-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਨਤੀਜਿਆਂ ਵਿੱਚ ਇਥੋਂ ਦੇ ਸ੍ਰੀ ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਮਾਹਿਲਪੁਰ ਵਿੱਚ ਚੱਲਦੇ ਕੋਰਸ ਐੱਮਐੱਸਸੀ (ਆਈ.ਟੀ.) ਦੇ ਸਮੈਸਟਰ ਪਹਿਲਾ ਤੇ ਤੀਜਾ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਇਸ ਨਤੀਜੇ ਵਿੱਚ ਉਕਤ ਕੋਰਸ ਦੀਆਂ ਦੋ ਵਿਦਿਆਰਥਣਾਂ ਨੇ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਵਿਸ਼ੇਸ਼ ਸਥਾਨ ਹਾਸਿਲ ਕਰਨ ਦਾ ਮਾਣ ਪ੍ਰਾਪਤ ਕੀਤਾ ਹੈ। ਕਾਲਜ ਦੇ ਪ੍ਰਿੰ. ਡਾ. ਪਰਵਿੰਦਰ ਸਿੰਘ ਅਤੇ ਕੰਪਿਊਟਰ ਵਿਭਾਗ ਦੇ ਮੁੱਖੀ ਪ੍ਰੋ. ਗੁਰਪ੍ਰੀਤ ਕੌਰ ਨੇ ਦੱਸਿਆ ਕਿ ਐੱਮਐੱਸਸੀ (ਆਈ.ਟੀ.) ਦੇ ਤੀਜਾ ਸਮੈਸਟਰ ਦੇ ਨਤੀਜੇ ਵਿੱਚ ਵਿਦਿਆਰਥਣ ਨਿਕਿਤਾ ਨੇ 86 ਫੀਸਦੀ ਅੰਕ ਹਾਸਿਲ ਕਰਕੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਮੈਰਿਟ ਸੂਚੀ ਵਿੱਚ ਦੂਜੀ ਪੁਜੀਸ਼ਨ ਅਤੇ ਵਿਦਿਆਰਥਣ ਲਖਵਿੰਦਰ ਕੌਰ ਨੇ 85 ਫੀਸਦੀ ਅੰਕਾਂ ਨਾਲ ਯੂਨੀਵਰਸਿਟੀ ਦੀ ਮੈਰਿਟ ਸੂਚੀ ਵਿੱਚ ਪੰਜਵੀਂ ਪੁਜੀਸ਼ਨ ਹਾਸਿਲ ਕਰਕੇ ਸੰਸਥਾ ਦਾ ਨਾਂਅ ਰੌਸ਼ਨ ਕੀਤਾ ਹੈ। ਉਨ੍ਹਾਂ ਦੱਸਿਆ ਕਿ ਉਕਤ ਸਮੈਸਟਰ ਦੇ ਨਤੀਜੇ ਵਿੱਚ ਅੰਕਿਤਾ ਨੇ 81 ਫੀਸਦੀ ਅੰਕਾਂ ਨਾਲ ਕਾਲਜ ਵਿੱਚੋਂ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ ਉਕਤ ਕੋਰਸ ਦੇ ਸਮੈਸਟਰ ਪਹਿਲਾ ਦੇ ਨਤੀਜੇ ਵਿੱਚ ਵਿਦਿਆਰਥਣ ਅਰਪਨਾ ਸਿੰਘ ਨੇ 80 ਫੀਸਦੀ ਅੰਕਾਂ ਨਾਲ ਪਹਿਲਾ, ਵਿਸ਼ਾਖਾ ਧੀਮਾਨ ਨੇ 75 ਫੀਸਦੀ ਅੰਕਾਂ ਨਾਲ ਦੂਜਾ ਅਤੇ ਸ਼ਿਲਪਾ ਨੇ 74.5 ਫੀਸਦੀ ਅੰਕਾਂ ਨਾਲ ਤੀਜਾ ਸਥਾਨ ਪ੍ਰਾਪਤ ਕੀਤਾ। ਇਸ ਮੌਕੇ ਪ੍ਰਿੰਸੀਪਲ ਸਮੇਤ ਵਿਭਾਗ ਦੇ ਸਮੂਹ ਅਧਿਆਪਕਾਂ ਨੇ ਚੰਗੇ ਨਤੀਜਿਆਂ ਲਈ ਵਿਦਿਆਰਥੀਆਂ ਨੂੰ ਮੁਬਾਰਕਬਾਦ ਦਿੱਤੀ।

ਸੀ ਟੀ ਵਰਲਡ ਸਕੂਲ 'ਚ ਗ੍ਰੈਜੂਏਸ਼ਨ ਸਮਾਰੋਹ

ਜਲੰਧਰ (ਸ਼ੈਲੀ ਐਲਬਰਟ):-ਸੀਟੀ ਵਰਲਡ ਸਕੂਲ ਨੇ ਆਪਣੇ ਕਿੰਡਰਗਾਰਟਨ ਦੇ ਵਿਦਿਆਰਥੀਆਂ ਦੀ ਗ੍ਰੈਜੂਏਸ਼ਨ ਨੂੰ ਇੱਕ ਯਾਦਗਾਰੀ ਸਮਾਰੋਹ ਦੇ ਨਾਲ ਮਨਾਇਆ, ਜਿਸ ਵਿੱਚ ਸੀਟੀ ਗਰੁੱਪ ਦੀ ਸ਼੍ਰੀਮਤੀ ਕੋ-ਚੇਅਰਪਰਸਨ ਪਰਮਿੰਦਰ ਕੌਰ ਚੰਨੀ, ਪ੍ਰਸਿੱਧ ਪਲੇ.ਵੇ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਇਲਾਕੇ ਦੇ ਉੱਘੇ ਸਰਪੰਚਾਂ ਸਮੇਤ ਮਾਣਯੋਗ ਮਹਿਮਾਨ ਸ਼ਾਮਲ ਹੋਏ।। ਉਤਸਾਹਿਤ ਬੱਚਿਆਂ ਨੇ ਆਪਣੀਆਂ ਡਿਗਰੀਆਂ ਪ੍ਰਾਪਤ ਕਰਨ ਦੇ ਨਾਲ ਹੀ ਜਾਮਨੀ ਗਾਊਨ ਅਤੇ ਕੈਪ ਪਾਏ ਹੋਏ ਸਨ, ਆਪਣੇ ਜੋਰਦਾਰ ਪ੍ਰਦਰਸ਼ਨ ਨਾਲ ਦਰਸ਼ਕਾਂ ਦਾ ਮਨ ਮੋਹ ਲਿਆ।

ਮਨਮੋਹਕ ਸ਼ਾਂਤੀ ਮੰਤਰ, ਨਾਚ ਤੋਂ ਲੈ ਕੇ ਦਿਲ ਨੂੰ ਛੂਹਣ ਵਾਲੇ ਥੈਂਕ ਯੂ ਗੀਤ ਤੱਕ, ਸਮਾਗਮ ਨੇ ਮਾਪਿਆਂ ਦੀਆਂ ਅੱਖਾਂ ਵਿੱਚ ਹੰਝੂ ਵਹਾ ਦਿੱਤੇ । ਜਿਵੇਂ ਹੀ ਇਹ ਨੌਜਵਾਨ ਗ੍ਰੈਜੂਏਟ ਪ੍ਰਾਇਮਰੀ ਵਿੰਗ ਵਿੱਚ ਕਦਮ ਰੱਖਿਆ , ਉਹ ਆਪਣੇ ਸਕੂਲੀ ਜੀਵਨ ਦੇ ਇੱਕ ਮਹੱਤਵਪੂਰਨ ਪੜਾਅ ਦੀ ਸ਼ੁਰੂਆਤ ਕਰਦ